ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 15-08-2026 • Vol.44 No.33 • M. 90410-14575 • Page 16 E-mail : khetiduniyan1983@gmail.com




## ਝੋਨੇ ਵਿੱਚ ਲੋਹੇ ਦੀ ਘਾਟ : ਨਿਸ਼ਾਨੀਆਂ ਅਤੇ ਰੋਕਥਾਮ

**ਲੋਹੇ ਦੀ ਘਾਟ** : ਘੱਟ ਜੀਵਕ ਕਾਰਬਨ ਵਾਲੀਆਂ, ਰੇਤਲੀਆਂ, ਜ਼ਿਆਦਾ ਚੂਨੇ ਵਾਲੀਆਂ ਮਿੱਟੀਆਂ ਵਿੱਚ, ਜਿੱਥੇ ਪਾਣੀ ਜ਼ਿਆਦਾ ਅਤੇ ਲੰਬੇ ਸਮੇਂ ਤੱਕ ਨਾ



ਖੜ੍ਹਾ ਹੋ ਸਕੇ, ਉੱਥੇ ਲੋਹੇ ਦੀ ਘਾਟ ਆਮ ਤੌਰ 'ਤੇ ਵੇਖਣ ਨੂੰ ਮਿਲਦੀ ਹੈ ।

**ਨਿਸ਼ਾਨੀਆਂ** : ਝੋਨੇ ਵਾਲੀਆਂ ਮਿੱਟੀਆਂ ਵਿੱਚ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਦਿਖਾਈ ਦਿੰਦੀਆਂ ਹਨ । ਸ਼ੁਰੂ ਵਿੱਚ ਨਾੜੀਆਂ ਦੇ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ, ਜਦਕਿ ਨਾੜੀਆਂ ਹਰੀਆਂ ਰਹਿੰਦੀਆਂ ਹਨ । ਬਾਅਦ ਵਿੱਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ । ਕੁਝ ਸਮੇਂ ਬਾਅਦ ਸਾਰੇ ਪੱਤੇ ਪੀਲੇ ਅਤੇ ਗੰਭੀਰ ਹਾਲਤ ਵਿੱਚ ਸਫ਼ੈਦ ਹੋ ਜਾਂਦੇ ਹਨ । ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ, ਉਹ ਕਮਜ਼ੋਰ ਹੋ ਜਾਂਦੇ ਹਨ ਅਤੇ ਕਈ ਵਾਰ ਮਰ ਵੀ ਜਾਂਦੇ ਹਨ, ਜਿਸ ਨਾਲ ਫ਼ਸਲ ਨੂੰ ਭਾਰੀ ਨੁਕਸਾਨ ਹੁੰਦਾ ਹੈ ।

**ਰੋਕਥਾਮ** : ਅਜਿਹੇ ਹਾਲਾਤਾਂ ਵਿੱਚ ਫ਼ਸਲ ਨੂੰ ਸਮੇਂ ਸਿਰ ਸਿੰਚਾਈ ਕਰੋ ਅਤੇ 1 ਪ੍ਰਤੀਸ਼ਤ ਫੈਰਸ ਸਲਫੇਟ (Ferrous Sulphate) ਦਾ ਛਿੜਕਾਅ ਕਰੋ । ਇਸ ਲਈ 1 ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਘੋਲ ਤਿਆਰ ਕਰੋ ਅਤੇ 7-10 ਦਿਨਾਂ ਦੇ ਅੰਤਰਾਲ 'ਤੇ 3-4 ਛਿੜਕਾਅ ਕਰੋ ।

ਇਹ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਲੋਹੇ ਵਾਲੀ ਖਾਦ ਨੂੰ ਸਿੱਧਾ ਮਿੱਟੀ ਵਿੱਚ ਨਾ ਪਾਓ, ਕਿਉਂਕਿ ਇਸ ਤਰੀਕੇ ਨਾਲ ਇਹ ਪ੍ਰਭਾਵਸ਼ਾਲੀ ਨਹੀਂ ਹੁੰਦੀ ।

**ਡਾ. ਐੱਮ. ਪੀ. ਐੱਸ. ਖੁਰਾਨਾ, ਪ੍ਰੋਫੈਸਰ, ਖੇਤੀਬਾੜੀ ਵਿਭਾਗ,**
**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ**
(ਮੋ. 95011-04133)

## ਕਿੰਨੂ ਵਿੱਚ ਪੈਰ ਗਲ੍ਹਣ/ਗੂੰਦੀਆ ਰੋਗ ਨੂੰ ਕਾਬੂ ਕਰਨ ਦੇ ਜ਼ਰੂਰੀ ਨੁਕਤੇ

ਪੰਜਾਬ ਆਪਣੇ ਖੇਤੀ ਸਬੰਧੀ ਵਾਤਾਵਰਣ ਹਾਲਾਤਾਂ ਜਿਵੇਂ ਕਿ ਢੁੱਕਵੀ ਮਿੱਟੀ, ਭਰੋਸੇਯੋਗ ਸਿੰਚਾਈ ਸਾਧਨਾਂ ਅਤੇ ਚੰਗੇ ਬੁਨਿਆਦੀ ਬਾਗਬਾਨੀ ਢਾਂਚਿਆਂ ਕਾਰਨ ਭਾਰਤ ਵਿੱਚ ਕਿੰਨੂ ਦਾ ਮੋਹਰੀ ਉਤਪਾਦਕ ਹੈ । ਕਿੰਨੂ ਦੀ ਫ਼ਸਲ ਵੱਧ ਗਰਮੀ, ਸਰਦੀ ਅਤੇ ਖੁਸ਼ਕ ਹਾਲਾਤਾਂ ਵਿੱਚ ਵਧੀਆ ਪ੍ਰਦਰਸ਼ਨ ਕਰਦੀ ਹੈ, ਜੋ ਕਿ ਫ਼ਲ ਦੇ ਸੁਚੱਜੇ ਵਿਕਾਸ, ਵਧੇਰੇ ਮਿਠਾਸ, ਆਕਰਸ਼ਕ ਰੰਗਤ ਅਤੇ ਵਧੀਆ ਜੂਸ ਦੀ ਗੁਣਵੱਤਾ ਲਈ ਸਹਾਇਕ ਹੈ । ਇਸ ਲਈ ਕਿੰਨੂ ਦੀ ਖੇਤੀ ਪੰਜਾਬ ਦੇ ਕਿਸਾਨਾਂ ਵਾਸਤੇ ਇੱਕ ਵਰਦਾਨ ਸਿੱਧ ਹੋਈ ਹੈ ਕਿਉਂਕਿ ਇਸ ਦਾ ਹੋਰ ਫ਼ਲਦਾਰ ਫ਼ਸਲਾਂ ਦੀ ਬਜਾਏ ਆਰਥਿਕ ਲਾਭ ਵਧੇਰੇ ਹੈ ।

ਕਿੰਨੂ ਵਿੱਚ ਪੈਰ ਗਲ੍ਹਣਾ/ਗੂੰਦੀਆ ਰੋਗ ਫਾਈਟੋਫਥੋਰਾ ਨਿਕੋਟੀਆਨਾ ਵਰਾਇਟੀ ਪੈਰਾਸਿਟੀਕਾ ਨਾਮ ਉੱਲੀ ਕਾਰਨ ਹੁੰਦਾ ਹੈ । ਪੌਦਿਆਂ ਤੇ ਬਿਮਾਰੀ ਦਾ ਹਮਲਾ ਉਦੋਂ ਹੁੰਦਾ ਹੈ ਜਦੋਂ ਸਾਇਓਨ ਮਿੱਟੀ ਦੇ ਸੰਪਰਕ ਵਿੱਚ ਆਉਂਦਾ ਹੈ ਜਾਂ ਜਦੋਂ ਹੜ੍ਹ ਸਿੰਚਾਈ ਵਜੋਂ ਪਾਣੀ ਲਾਇਆ ਜਾਂਦਾ ਹੈ ਜੋ ਕਿ ਇਸ ਉੱਲੀ ਨੂੰ ਸੰਕਰਮਣ ਦੀ ਪ੍ਰੀਕ੍ਰਿਆ ਸ਼ੁਰੂ ਕਰਨ ਵਿੱਚ ਸਾਇਓਨ ਤੱਕ ਪਹੁੰਚਣ ਦੇ ਯੋਗ ਬਣਾਉਂਦਾ ਹੈ । ਹਮਲੇ ਵਾਲੇ ਬੂਟੇ ਪੈਰੋਂ ਗਲ੍ਹਣ ਲੱਗ ਜਾਂਦੇ ਹਨ, ਗੂੰਦ ਨਿਕਲਦੀ ਹੈ, ਛਿੱਲ ਤਣੇ ਦੇ ਚਾਰ-ਚੁਫੇਰੇ ਤੋਂ ਗਲ੍ਹ ਜਾਂਦੀ ਹੈ, ਪੱਤੇ ਹਲਕੇ ਪੀਲੇ ਰੰਗ ਦੇ ਹੋ ਜਾਂਦੇ ਹਨ, ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਟਾਹਣੀਆਂ ਸੁੱਕ ਜਾਂਦੀਆਂ ਹਨ । ਫਿਰ ਗੂੰਦ ਵਾਲੇ ਨਿਸ਼ਾਨ ਤਣੇ ਦੇ ਹੇਠਾਂ ਅਤੇ ਉੱਪਰ ਵੱਲ ਵੱਧ ਜਾਂਦੇ ਹਨ ਅਤੇ ਟਾਹਣੀਆਂ ਤੇ ਵੀ ਆਉਣ ਲੱਗ ਪੈਂਦੇ ਹਨ । ਕਿੰਨੂ ਦੀ ਚੰਗੀ ਪੈਦਾਵਾਰ ਲਈ ਇਸ ਰੋਗ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਹੇਠਾਂ ਦਿੱਤੇ ਸੁਝਾਵਾਂ ਅਨੁਸਾਰ ਕਰਨਾ ਬਹੁਤ ਜ਼ਰੂਰੀ ਹੈ ।

**ਬਿਮਾਰੀ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਸੁਝਾਅ :**

★ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਦੀ ਸਟ੍ਰੇਨ ਟੀ-20 ਦੀ ਪਾਊਡਰ ਬਾਇਓਫਾਰਮੂਲੇਸ਼ਣ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇੱਕ



ਹਫ਼ਤਾ ਬਾਅਦ, ਬੂਟੇ ਦੇ ਮੁੱਢ ਅਤੇ ਘੇਰੇ ਵਿੱਚ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿੱਚ ਪਾਉਣ ਨਾਲ ਨਿੰਬੂ ਜਾਤੀ ਦੇ ਪੈਰ ਗਲ੍ਹਣਾ/ਗੂੰਦੀਆ ਰੋਗ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਕੀਤਾ ਜਾ ਸਕਦਾ ਹੈ । ਜਾਂ

★ ਬੂਟਿਆਂ ਦੇ ਮੁੱਢਾਂ ਅਤੇ ਉਨ੍ਹਾਂ ਦੀ ਛੱਤਰੀ ਹੇਠ ਸੋਡੀਅਮ ਹਾਈਪੋਕਲੋਰਾਈਟ 5% ਨੂੰ 50 ਮਿਲੀਲਿਟਰ ਪ੍ਰਤੀ ਬੂਟਾ ਦੇ ਹਿਸਾਬ ਨਾਲ 10 ਲਿਟਰ ਪਾਣੀ ਵਿੱਚ ਘੋਲ ਕੇ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿੱਚ ਚੰਗੀ ਤਰ੍ਹਾਂ ਛਿੜਕਾਅ ਕਰੋ । ਜਾਂ

★ ਦੋ ਵਾਰ ਕਰਜ਼ੇਟ ਐਮ-8 ਪੇਂਟ ਦੇ ਤੌਰ ਤੇ (2 ਗ੍ਰਾਮ ਪ੍ਰਤੀ 100 ਮਿਲੀਲਿਟਰ ਅਲਸੀ ਦੇ ਤੇਲ ਵਿੱਚ) ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਵਿੱਚ (25 ਗ੍ਰਾਮ ਕਰਜ਼ੇਟ ਐਮ-8 ਪ੍ਰਤੀ 10 ਲਿਟਰ ਪਾਣੀ ਦੇ ਵਿੱਚ) ਚੰਗੀ ਤਰ੍ਹਾਂ ਭਿਉਂ ਦਿਓ ।

**ਦਲਜੀਤ ਸਿੰਘ ਬੁੱਟਰ ਅਤੇ ਅਜੇ ਕੁਮਾਰ ਚੌਧਰੀ, ਪੌਦਾ ਰੋਗ ਵਿਭਾਗ**
**ਮੋਬਾਇਲ : 98729-25785**





# ਜਲ ਭੰਡਾਰ ਮੱਛੀ ਪਾਲਣ ਵਿੱਚ ਸਟਾਕ ਵਾਧਾ

ਸੁਪ੍ਰੀਤ ਕੌਰ, ਪੀ. ਐਚ. ਡੀ. (Fisheries Resource Management)
ਦਿਲਪ੍ਰੀਤ ਕੌਰ, M.F.Sc. Aquaculture, ਮੱਛੀ ਪਾਲਣ ਅਫਸਰ, ਫਤਹਿਗੜ੍ਹ ਸਾਹਿਬ

ਜਲਾਸ਼ਯ (Reservoirs) ਅੰਦਰੂਨੀ ਜਲ ਸਰੋਤਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸਰੋਤਾਂ ਵਿੱਚ ਗਿਣੇ ਜਾਂਦੇ ਹਨ । ਇਹ ਸਿੰਚਾਈ, ਜਲ-ਵਿਦਯੁਤ ਉਤਪਾਦਨ, ਹੜ੍ਹਾਂ ਦੇ ਨਿਯੰਤਰਣ, ਪੀਣ ਵਾਲੇ ਪਾਣੀ ਦੀ ਸਪਲਾਈ, ਮਨੋਰੰਜਨ ਅਤੇ ਮੱਛੀ ਪਾਲਣ ਵਰਗੇ ਕਈ ਮਹੱਤਵਪੂਰਨ ਉਦੇਸ਼ਾਂ ਦੀ ਪੂਰਤੀ ਕਰਦੇ ਹਨ । ਜਲਾਸ਼ਯ ਮੱਛੀ ਪਾਲਣ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਬਣਾਉਣ, ਰੋਜ਼ਗਾਰ ਦੇ ਮੌਕੇ ਪੈਦਾ ਕਰਨ ਅਤੇ ਖ਼ਾਸ ਕਰਕੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਨੂੰ ਸਹਾਰਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ ।

ਹਾਲਾਂਕਿ, ਪਿਛਲੇ ਕੁਝ ਦਹਾਕਿਆਂ ਦੌਰਾਨ ਕਈ ਜਲਾਸ਼ਿਆਂ ਦੀ ਮੱਛੀ ਉਤਪਾਦਕਤਾ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਗਈ ਹੈ । ਇਸ ਦੇ ਮੁੱਖ ਕਾਰਨਾਂ ਵਿੱਚ ਬੇਤਹਾਸ਼ਾ ਮੱਛੀ ਫੜਨਾ, ਆਵਾਸ ਸਥਾਨਾਂ ਦਾ ਨਾਸ, ਜਲ ਪੱਧਰ ਵਿੱਚ ਅਨਿਯਮਿਤ ਉਤਾਰ-ਚੜ੍ਹਾਅ, ਜਲ ਪ੍ਰਦੂਸ਼ਣ, ਵਿਦੇਸ਼ੀ ਜਾਂ ਹਮਲਾਵਰ ਪ੍ਰਜਾਤੀਆਂ ਦਾ ਫੈਲਾਅ, ਜਲਵਾਯੂ ਪਰਿਵਰਤਨ ਅਤੇ ਵਪਾਰਕ ਮਹੱਤਵ ਵਾਲੀਆਂ ਮੱਛੀਆਂ ਦੀ ਕੁਦਰਤੀ ਭਰਤੀ ਵਿੱਚ ਕਮੀ ਸ਼ਾਮਲ ਹਨ । ਇਨ੍ਹਾਂ ਚੁਣੌਤੀਆਂ ਨੇ ਮੱਛੀ ਉਤਪਾਦਨ ਨੂੰ ਟਿਕਾਊ ਬਣਾਈ ਰੱਖਣ ਅਤੇ ਜਲ ਜੀਵ ਵਿਭਿੰਨਤਾ ਦੀ ਸੰਭਾਲ ਲਈ ਵਿਗਿਆਨਕ ਅਤੇ ਪ੍ਰਭਾਵਸ਼ਾਲੀ ਪ੍ਰਬੰਧਕੀ ਦਖ਼ਲਾਂ ਦੀ ਲੋੜ ਨੂੰ ਹੋਰ ਵੀ ਵਧਾ ਦਿੱਤਾ ਹੈ ।

## ਸਟਾਕ ਵਾਧੇ ਦੀ ਧਾਰਨਾ

ਸਟਾਕ ਵਾਧਾ ਇੱਕ ਵਿਗਿਆਨਕ ਪ੍ਰਬੰਧਕੀ ਵਿਧੀ ਹੈ, ਜਿਸ ਵਿੱਚ ਹੈਚਰੀਆਂ ਵਿੱਚ ਤਿਆਰ ਕੀਤੇ ਗਏ ਮੱਛੀ ਦੇ ਬੀਜ, ਫਿੰਗਰਲਿੰਗ ਜਾਂ ਨੌਜਵਾਨ ਮੱਛੀਆਂ ਨੂੰ ਕੁਦਰਤੀ ਜਾਂ ਅਰਧ-ਕੁਦਰਤੀ ਜਲ ਸਰੋਤਾਂ, ਜਿਵੇਂ ਕਿ ਜਲਾਸ਼ਿਆਂ, ਝੀਲਾਂ ਅਤੇ ਦਰਿਆਵਾਂ ਵਿੱਚ ਛੱਡਿਆ ਜਾਂਦਾ ਹੈ । ਇਸ ਦਾ ਮੁੱਖ ਉਦੇਸ਼ ਮੱਛੀਆਂ ਦੀ ਕੁਦਰਤੀ ਭਰਤੀ



ਵਿੱਚ ਆਈ ਕਮੀ ਨੂੰ ਪੂਰਾ ਕਰਨਾ, ਘਟ ਚੁੱਕੇ ਮੱਛੀ ਭੰਡਾਰਾਂ ਮੁੜ ਸਥਾਪਿਤ ਕਰਨਾ ਅਤੇ ਮੱਛੀ ਉਤਪਾਦਨ ਵਿੱਚ ਵਾਧਾ ਕਰਨਾ ਹੈ । ਕੇਵਲ ਸੰਭਾਲ ਲਈ ਕੀਤੀ ਜਾਣ ਵਾਲੀ ਆਮ ਸਟਾਕਿੰਗ ਤੋਂ ਵੱਖਰਾ, ਸਟਾਕ ਵਾਧੇ ਦਾ ਉਦੇਸ਼ ਵਾਤਾਵਰਣਕ ਸੰਤੁਲਨ ਨੂੰ ਕਾਇਮ ਰੱਖਦੇ ਹੋਏ ਮੱਛੀਆਂ ਦੀ ਸੰਖਿਆ ਅਤੇ ਮੱਛੀ ਉਤਪਾਦਨ ਦੋਵਾਂ ਵਿੱਚ ਵਾਧਾ ਕਰਨਾ ਹੁੰਦਾ ਹੈ ।

ਸਟਾਕ ਵਾਧੇ ਦੀ ਸਫ਼ਲਤਾ ਕਈ ਜੀਵ-ਵਿਗਿਆਨਕ ਅਤੇ ਵਾਤਾਵਰਣਕ ਕਾਰਕਾਂ ’ਤੇ ਨਿਰਭਰ ਕਰਦੀ ਹੈ । ਇਨ੍ਹਾਂ ਵਿੱਚ ਉੱਚਿਤ ਮੱਛੀ ਪ੍ਰਜਾਤੀਆਂ ਦੀ ਚੋਣ, ਉੱਚ ਗੁਣਵੱਤਾ ਵਾਲੇ ਮੱਛੀ ਬੀਜ ਦੀ ਉਪਲਬਧਤਾ, ਸਹੀ ਸਟਾਕਿੰਗ ਘਣਤਾ, ਜਲਾਸ਼ੇ ਦੀ ਉਤਪਾਦਕਤਾ, ਅਨੁਕੂਲ ਆਵਾਸ ਸਥਾਨ, ਪਾਣੀ ਦੀ ਗੁਣਵੱਤਾ ਅਤੇ ਸਟਾਕਿੰਗ ਤੋਂ ਬਾਅਦ ਪ੍ਰਭਾਵਸ਼ਾਲੀ ਪ੍ਰਬੰਧਨ ਸ਼ਾਮਲ ਹਨ । ਇਸ ਲਈ ਲੰਬੇ ਸਮੇਂ ਤੱਕ ਟਿਕਾਊ ਲਾਭ ਪ੍ਰਾਪਤ ਕਰਨ ਲਈ ਵਿਗਿਆਨਕ ਯੋਜਨਾਬੰਦੀ, ਨਿਯਮਿਤ ਨਿਗਰਾਨੀ ਅਤੇ ਸਮੇਂ-ਸਮੇਂ ’ਤੇ ਮੁਲਾਂਕਣ ਬਹੁਤ ਜ਼ਰੂਰੀ ਹਨ ।

## ਸਟਾਕ ਵਾਧੇ ਦੇ ਉਦੇਸ਼

ਸਟਾਕ ਵਾਧੇ ਦਾ ਮੁੱਖ ਉਦੇਸ਼ ਜਲਾਸ਼ਿਆਂ ਵਿੱਚ ਮੱਛੀ ਸਰੋਤਾਂ ਦਾ ਟਿਕਾਊ ਵਿਕਾਸ ਕਰਨਾ, ਮੱਛੀ ਉਤਪਾਦਨ ਵਿੱਚ ਵਾਧਾ ਕਰਨਾ ਅਤੇ ਜਲ ਜੀਵ ਵਿਭਿੰਨਤਾ ਦੀ ਸੰਭਾਲ ਕਰਨਾ ਹੈ । ਵਿਗਿਆਨਕ ਢੰਗ ਨਾਲ ਕੀਤੇ ਗਏ ਸਟਾਕ ਵਾਧੇ ਰਾਹੀਂ ਨਾ ਸਿਰਫ਼ ਮੱਛੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ, ਸਗੋਂ ਮੱਛੇਰਿਆਂ ਦੀ ਆਮਦਨ ਅਤੇ ਖੁਰਾਕ ਸੁਰੱਖਿਆ ਨੂੰ ਵੀ ਮਜ਼ਬੂਤੀ ਮਿਲਦੀ ਹੈ । ਸਟਾਕ ਵਾਧੇ ਦੇ ਪ੍ਰਮੁੱਖ ਉਦੇਸ਼ ਹੇਠ ਲਿਖੇ ਹਨ :-

★ ਜਲਾਸ਼ਿਆਂ ਤੋਂ ਮੱਛੀ ਉਤਪਾਦਨ ਵਿੱਚ ਵਾਧਾ ਕਰਨਾ ।

★ ਘਟ ਚੁੱਕੇ ਜਾਂ ਬਹੁਤ ਜ਼ਿਆਦਾ ਸ਼ਿਕਾਰ ਕਾਰਨ ਪ੍ਰਭਾਵਿਤ ਮੱਛੀ ਭੰਡਾਰਾਂ ਦੀ ਮੁੜ ਬਹਾਲੀ ਕਰਨਾ ।

★ ਜਲਾਸ਼ਿਆਂ ’ਤੇ ਨਿਰਭਰ ਮੱਛੇਰਾ ਭਾਈਚਾਰੇ ਦੀ ਆਮਦਨ ਅਤੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ।

★ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਬਣਾਉਣਾ ।

★ ਦੇਸੀ ਅਤੇ ਆਰਥਿਕ ਪੱਖੋਂ ਮਹੱਤਵਪੂਰਨ ਮੱਛੀ ਪ੍ਰਜਾਤੀਆਂ ਦੀ ਸੰਭਾਲ ਅਤੇ ਸੁਰੱਖਿਆ ਕਰਨਾ ।

★ ਜਲਾਸ਼ਿਆਂ ਦੀ ਕੁਦਰਤੀ ਉਤਪਾਦਕਤਾ ਦਾ ਵੱਧ ਤੋਂ ਵੱਧ ਕੁਸ਼ਲਤਾਪੂਰਵਕ ਉਪਯੋਗ ਕਰਨਾ ।

★ ਵਾਤਾਵਰਨ-ਅਧਾਰਿਤ ਮੱਛੀ ਪਾਲਣ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ ।

★ ਮੱਛੀ ਸਰੋਤਾਂ ਦੀ ਲੰਬੇ ਸਮੇਂ ਲਈ ਟਿਕਾਊ ਵਰਤੋਂ ਨੂੰ ਯਕੀਨੀ ਬਣਾਉਣਾ ।

★ ਮੱਛੀ ਜੈਵ ਵਿਭਿੰਨਤਾ ਦੀ ਰੱਖਿਆ ਕਰਦੇ ਹੋਏ ਵਾਤਾਵਰਣਕ ਸੰਤੁਲਨ ਬਣਾਈ ਰੱਖਣਾ ।

★ ਵਿਗਿਆਨਕ ਅਤੇ ਜ਼ਿੰਮੇਵਾਰ ਮੱਛੀ ਪਾਲਣ ਪ੍ਰਬੰਧਨ ਰਾਹੀਂ ਪੇਂਡੂ ਰੋਜ਼ਗਾਰ ਅਤੇ ਆਰਥਿਕ ਵਿਕਾਸ ਨੂੰ ਪ੍ਰੋਤਸ਼ਾਹਿਤ ਕਰਨਾ ।

## ਸਟਾਕ ਵਾਧੇ ਦਾ ਮਹੱਤਵ

ਸਟਾਕ ਵਾਧਾ ਜਲਾਸ਼ਯ ਮੱਛੀ ਪਾਲਣ ਪ੍ਰਬੰਧਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਚੁੱਕਾ ਹੈ, ਕਿਉਂਕਿ ਇਹ ਵਾਤਾਵਰਣਕ, ਆਰਥਿਕ ਅਤੇ ਸਮਾਜਿਕ ਪੱਖੋਂ ਕਈ ਲਾਭ ਪ੍ਰਦਾਨ ਕਰਦਾ ਹੈ । ਵਿਗਿਆਨਕ ਢੰਗ ਨਾਲ ਮੱਛੀ ਬੀਜ ਛੱਡਣ ਨਾਲ ਨਾ ਸਿਰਫ਼ ਮੱਛੀ ਉਤਪਾਦਨ ਵਿੱਚ ਵਾਧਾ ਹੁੰਦਾ ਹੈ, ਸਗੋਂ ਜਲਾਸ਼ਿਆਂ ਦੀ ਕੁਦਰਤੀ ਉਤਪਾਦਕਤਾ ਦਾ ਬਿਹਤਰ ਉਪਯੋਗ, ਮੱਛੇਰਾ ਭਾਈਚਾਰੇ ਦੀ ਆਮਦਨ ਵਿੱਚ ਸੁਧਾਰ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵੀ ਸੰਭਵ ਹੁੰਦੀ ਹੈ ।

### 1. ਮੱਛੀ ਉਤਪਾਦਨ ਵਿੱਚ ਵਾਧਾ

ਬਹੁਤ ਸਾਰੇ ਜਲਾਸ਼ਿਆਂ ਵਿੱਚ ਕੁਦਰਤੀ ਪ੍ਰਜਨਨ ਦੀ ਦਰ ਘੱਟ ਹੁੰਦੀ ਹੈ । ਇਸ ਦੇ ਮੁੱਖ ਕਾਰਨਾਂ ਵਿੱਚ ਅਨੁਕੂਲ ਪ੍ਰਜਨਨ ਸਥਾਨਾਂ ਦੀ ਘਾਟ, ਪਾਣੀ ਦੇ ਪੱਧਰ ਵਿੱਚ ਅਨਿਯਮਿਤ ਉਤਾਰ-ਚੜ੍ਹਾਅ, ਬੰਨ੍ਹਾਂ ਕਾਰਨ ਮੱਛੀਆਂ ਦੀ ਆਵਾਜਾਈ ਵਿੱਚ ਰੁਕਾਵਟ ਅਤੇ ਵਾਤਾਵਰਣਕ ਤਬਦੀਲੀਆਂ ਸ਼ਾਮਲ ਹਨ । ਸਟਾਕ ਵਾਧੇ ਰਾਹੀਂ ਉੱਚ ਗੁਣਵੱਤਾ ਵਾਲੀਆਂ ਸਿਹਤਮੰਦ ਫਿੰਗਰਲਿੰਗਾਂ ਨੂੰ ਜਲਾਸ਼ਿਆਂ ਵਿੱਚ ਛੱਡਿਆ ਜਾਂਦਾ ਹੈ, ਜਿਸ ਨਾਲ ਮੱਛੀਆਂ ਦੀ ਗਿਣਤੀ, ਜੈ ਭਾਰ (Fish Biomass) ਅਤੇ ਕੁੱਲ ਮੱਛੀ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਹੁੰਦਾ ਹੈ । ਇਸ ਨਾਲ ਜਲਾਸ਼ਿਆਂ ਦੀ ਉਤਪਾਦਕ ਸਮਰੱਥਾ ਦਾ ਪੂਰਾ ਲਾਭ ਲਿਆ ਜਾ ਸਕਦਾ ਹੈ ।

### 2. ਕੁਦਰਤੀ ਸਰੋਤਾਂ ਦੀ ਬਿਹਤਰ ਵਰਤੋਂ

ਜਲਾਸਿਆਂ ਵਿੱਚ ਫਾਈਟੋਪਲੈਂਕਟਨ, ਜ਼ੂਪਲੈਂਕਟਨ, ਜਲ ਕੀੜੇ-ਮਕੌੜੇ, ਬੈਂਥਿਕ ਜੀਵ ਅਤੇ ਹੋਰ ਕੁਦਰਤੀ ਭੋਜਨ ਜੀਵ ਪ੍ਰਚੁਰ ਮਾਤਰਾ ਵਿੱਚ ਮੌਜੂਦ ਹੁੰਦੇ ਹਨ । ਸਟਾਕ ਕੀਤੀਆਂ ਮੱਛੀਆਂ ਇਨ੍ਹਾਂ ਕੁਦਰਤੀ ਭੋਜਨ ਸਰੋਤਾਂ ਦੀ ਪ੍ਰਭਾਵਸ਼ਾਲੀ ਵਰਤੋਂ ਕਰਦੀਆਂ ਹਨ ਅਤੇ ਬਿਨਾਂ ਵਾਧੂ ਖੁਰਾਕ ਦੇ ਉੱਚ ਗੁਣਵੱਤਾ ਵਾਲੇ ਮੱਛੀ ਪ੍ਰੋਟੀਨ ਵਿੱਚ ਤਬਦੀਲ ਕਰ ਦਿੰਦੀਆਂ ਹਨ । ਇਸ ਨਾਲ ਉਤਪਾਦਨ ਲਾਗਤ ਘੱਟ ਰਹਿੰਦੀ ਹੈ ਅਤੇ ਜਲਾਸ਼ਿਆਂ ਦੀ ਕੁਦਰਤੀ ਉਤਪਾਦਕਤਾ ਦਾ ਵੱਧ ਤੋਂ ਵੱਧ ਲਾਭ ਮਿਲਦਾ ਹੈ ।

### 3. ਮੱਛੇਰਿਆਂ ਦੀ ਆਮਦਨ ਅਤੇ ਜੀਵਨ ਪੱਧਰ ਵਿੱਚ ਸੁਧਾਰ

ਜਲਾਸ਼ਯ ਮੱਛੀ ਪਾਲਣ ਹਜ਼ਾਰਾਂ ਮੱਛੇਰਾ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਮੁੱਖ ਆਧਾਰ ਹੈ । ਸਟਾਕ ਵਾਧੇ ਕਾਰਨ ਮੱਛੀ ਉਤਪਾਦਨ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਮੱਛੀ ਫੜਨ ਦੀ ਦਰ ਵਧਦੀ ਹੈ ਅਤੇ ਮੱਛੇਰਿਆਂ ਨੂੰ ਵੱਧ ਆਮਦਨ ਪ੍ਰਾਪਤ ਹੁੰਦੀ ਹੈ । ਇਸ ਨਾਲ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਹਨ, ਗਰੀਬੀ ਘਟਦੀ ਹੈ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਆਉਂਦਾ ਹੈ । ਇਸ ਤੋਂ ਇਲਾਵਾ, ਮੱਛੀ ਦੇ ਵਪਾਰ, ਪ੍ਰੋਸੈਸਿੰਗ ਅਤੇ ਆਵਾਜਾਈ ਨਾਲ ਜੁੜੇ ਹੋਰ ਖੇਤਰਾਂ ਨੂੰ ਵੀ ਲਾਭ ਮਿਲਦਾ ਹੈ ।

### 4. ਜੈਵ ਵਿਭਿੰਨਤਾ ਦੀ ਸੰਭਾਲ

ਜੇਕਰ ਸਟਾਕ ਵਾਧੇ ਦੇ ਪ੍ਰੋਗਰਾਮਾਂ ਵਿੱਚ ਦੇਸੀ ਅਤੇ ਸਥਾਨਕ ਮੱਛੀ ਪ੍ਰਜਾਤੀਆਂ ਨੂੰ ਤਰਜੀਹ ਦਿੱਤੀ ਜਾਵੇ, ਤਾਂ ਇਹ ਘਟ ਰਹੀਆਂ ਮੱਛੀ ਆਬਾਦੀਆਂ ਨੂੰ ਮੁੜ ਸਥਾਪਿਤ ਕਰਨ ਅਤੇ ਜਲਾਸ਼ਿਆਂ ਦੇ ਵਾਤਾਵਰਣਕ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਖਾਸ ਤੌਰ ’ਤੇ ਗੋਲਡਨ ਮਹਸੀਰ (Tor putitora) ਵਰਗੀਆਂ ਸੰਕਟਗ੍ਰਸਤ ਪ੍ਰਜਾਤੀਆਂ ਦੀ ਸੰਭਾਲ ਲਈ ਵਿਗਿਆਨਕ ਸਟਾਕ ਵਾਧਾ ਬਹੁਤ ਲਾਭਦਾਇਕ ਸਾਬਤ ਹੋ ਸਕਦਾ ਹੈ । ਇਹ ਨਾ ਸਿਰਫ਼ ਇਨ੍ਹਾਂ ਪ੍ਰਜਾਤੀਆਂ ਦੀ ਸੰਖਿਆ ਵਧਾਉਣ ਵਿੱਚ ਮਦਦ ਕਰਦਾ ਹੈ, ਸਗੋਂ ਭਵਿੱਖ ਦੀਆਂ ਪੀੜ੍ਹੀਆਂ ਲਈ ਉਨ੍ਹਾਂ ਦੀ ਸੰਭਾਲ ਵੀ ਯਕੀਨੀ ਬਣਾਉਂਦਾ ਹੈ ।

### 5. ਟਿਕਾਊ ਮੱਛੀ ਪਾਲਣ ਨੂੰ ਉਤਸ਼ਾਹ

ਸਟਾਕ ਵਾਧਾ ਜਲਾਸ਼ਿਆਂ ਵਿੱਚ ਮੱਛੀ ਸਰੋਤਾਂ ਦੇ ਲੰਬੇ ਸਮੇਂ ਲਈ ਟਿਕਾਊ ਵਰਤੋਂ ਨੂੰ ਯਕੀਨੀ ਬਣਾਉਣ ਵਿੱਚ ਸਹਾਇਕ ਹੈ । ਜੇਕਰ ਇਸ ਨੂੰ ਵਿਗਿਆਨਕ ਯੋਜਨਾਬੰਦੀ, ਆਵਾਸ ਸੰਭਾਲ, ਪਾਣੀ ਦੀ ਗੁਣਵੱਤਾ ਪ੍ਰਬੰਧਨ ਅਤੇ ਜ਼ਿੰਮੇਵਾਰ ਮੱਛੀ ਫੜਨ ਦੀਆਂ ਨੀਤੀਆਂ ਨਾਲ ਜੋੜਿਆ ਜਾਵੇ, ਤਾਂ ਇਹ ਜਲਾਸ਼ਯ ਮੱਛੀ ਪਾਲਣ ਦੇ ਟਿਕਾਊ ਵਿਕਾਸ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਬਣ ਸਕਦਾ ਹੈ ।

## ਉਚਿਤ ਮੱਛੀ ਪ੍ਰਜਾਤੀਆਂ ਦੀ ਚੋਣ

ਸਟਾਕ ਵਾਧੇ ਦੀ ਸਫ਼ਲਤਾ ਲਈ ਉਚਿਤ ਮੱਛੀ ਪ੍ਰਜਾਤੀਆਂ ਦੀ ਚੋਣ ਸਭ ਤੋਂ ਮਹੱਤਵਪੂਰਨ ਕਾਰਕਾਂ ਵਿੱਚੋਂ ਇੱਕ ਹੈ । ਜੇਕਰ ਜਲਾਸ਼ੇ ਦੀਆਂ ਵਾਤਾਵਰਣਕ ਸਥਿਤੀਆਂ ਅਤੇ ਉਤਪਾਦਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਹੀ ਪ੍ਰਜਾਤੀਆਂ ਦੀ ਚੋਣ ਕੀਤੀ ਜਾਵੇ, ਤਾਂ ਮੱਛੀਆਂ ਦੀ ਬਚਣ ਦੀ ਦਰ, ਵਿਕਾਸ ਦਰ ਅਤੇ ਕੁੱਲ ਮੱਛੀ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਕੀਤਾ ਜਾ ਸਕਦਾ ਹੈ । ਇਸ ਲਈ ਪ੍ਰਜਾਤੀਆਂ ਦੀ ਚੋਣ ਵਿਗਿਆਨਕ ਅਧਿਐਨਾਂ ਅਤੇ ਜਲਾਸ਼ੇ ਦੀਆਂ ਸਥਾਨਕ ਸਥਿਤੀਆਂ ਦੇ ਆਧਾਰ ’ਤੇ ਕੀਤੀ ਜਾਣੀ ਚਾਹੀਦੀ ਹੈ ।

ਸਟਾਕ ਵਾਧੇ ਲਈ ਚੁਣੀਆਂ ਜਾਣ ਵਾਲੀਆਂ ਮੱਛੀ ਪ੍ਰਜਾਤੀਆਂ ਵਿੱਚ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ :-

★ ਤੇਜ਼ ਵਿਕਾਸ ਦਰ, ਤਾਂ ਜੋ ਘੱਟ ਸਮੇਂ ਵਿੱਚ ਵਪਾਰਕ ਆਕਾਰ ਪ੍ਰਾਪਤ ਕੀਤਾ ਜਾ ਸਕੇ ।

★ ਉੱਚ ਜੀਵਿਤ ਰਹਿਣ ਦੀ ਸਮਰੱਥਾ, ਜਿਸ ਨਾਲ ਛੱਡੀਆਂ ਗਈਆਂ ਮੱਛੀਆਂ ਦੀ ਮੌਤ ਦਰ ਘੱਟ ਰਹੇ ।

★ ਬਾਜ਼ਾਰ ਵਿੱਚ ਵਧੀਆ ਮੰਗ, ਤਾਂ ਜੋ ਮੱਛੇਰਿਆਂ ਨੂੰ ਵਧੀਆ ਆਰਥਿਕ ਲਾਭ ਮਿਲ ਸਕੇ ।

★ ਕੁਦਰਤੀ ਭੋਜਨ ਸਰੋਤਾਂ ਦੀ ਕੁਸ਼ਲ ਵਰਤੋਂ, ਜਿਸ ਨਾਲ ਬਿਨਾਂ ਵਾਧੂ ਖੁਰਾਕ ਦੇ ਚੰਗਾ ਵਿਕਾਸ ਹੋ ਸਕੇ ।

★ ਜਲਾਸ਼ੇ ਦੀਆਂ ਸਥਿਤੀਆਂ ਅਨੁਸਾਰ ਅਨੁਕੂਲ ਹੋਣ ਦੀ ਸਮਰੱਥਾ ।

★ ਜਲਾਸ਼ੇ ਵਿੱਚ ਪਹਿਲਾਂ ਤੋਂ ਮੌਜੂਦ ਮੱਛੀ ਪ੍ਰਜਾਤੀਆਂ ਨਾਲ ਅਨੁਕੂਲਤਾ, ਤਾਂ ਜੋ ਵਾਤਾਵਰਣਕ ਸੰਤੁਲਨ ਬਣਿਆ ਰਹੇ ।

ਭਾਰਤ ਦੇ ਜਲਾਸ਼ਿਆਂ ਵਿੱਚ ਆਮ ਤੌਰ ’ਤੇ ਹੇਠ ਲਿਖੀਆਂ ਮੱਛੀ ਪ੍ਰਜਾਤੀਆਂ ਦਾ ਸਟਾਕ ਕੀਤਾ ਜਾਂਦਾ ਹੈ-

★ ਕਤਲਾ (Catla catla)

★ ਰੋਹੂ (Labeo rohita)

★ ਮਿਰਗਲ (Cirrhinus mrigala)

★ ਕਾਮਨ ਕਾਰਪ (Cyprinus carpio)

★ ਗਰਾਸ ਕਾਰਪ (Ctenopharyngodon idella)

★ ਸਿਲਵਰ ਕਾਰਪ (Hypophthalmichthys molitrix)

ਇਸ ਤੋਂ ਇਲਾਵਾ, ਗੋਲਡਨ ਮਹਸੀਰ ਵਰਗੀਆਂ ਦੇਸੀ ਅਤੇ ਸੰਭਾਲ ਯੋਗ ਪ੍ਰਜਾਤੀਆਂ ਨੂੰ ਵੀ ਉਚਿਤ ਜਲਾਸ਼ਿਆਂ ਵਿੱਚ ਸਟਾਕ ਕੀਤਾ ਜਾਂਦਾ ਹੈ । ਅਜਿਹੀਆਂ ਪ੍ਰਜਾਤੀਆਂ ਦਾ ਸਟਾਕ ਵਾਧਾ ਨਾ ਸਿਰਫ਼ ਮੱਛੀ ਉਤਪਾਦਨ ਵਧਾਉਂਦਾ ਹੈ, ਸਗੋਂ ਉਨ੍ਹਾਂ ਦੀ ਸੰਭਾਲ ਅਤੇ ਜੈਵ ਵਿਭਿੰਨਤਾ ਨੂੰ ਬਣਾਈ ਰੱਖਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ।

(ਚੱਲਦਾ)

# ਝੋਨੇ ਦੇ ਮਧਰੇਪਣ ਰੋਗ ਦੀ ਸਰਬਪੱਖੀ ਰੋਕਥਾਮ ਅਤਿ ਜ਼ਰੂਰੀ



**ਪਰਮਿੰਦਰ ਕੌਰ ਸਹਿਜਪਾਲ, ਪਰਵਿੰਦਰ ਸਿੰਘ, ਪਰਮਿੰਦਰ ਸਿੰਘ ਸੰਧੂ,**
ਪੀ. ਏ. ਯੂ., ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ

ਝੋਨਾ ਸਾਉਣੀ ਦੀ ਮੁੱਖ ਅਤੇ ਮਹੱਤਵਪੂਰਨ ਫ਼ਸਲ ਹੈ। ਇਸ ਨੂੰ ਵਧਣ-ਫੁੱਲਣ ਲਈ ਵੱਧ ਤਾਪਮਾਨ, ਸਿੱਲ੍ਹ, ਜ਼ਿਆਦਾ ਧੁੱਪ ਅਤੇ ਪਾਣੀ ਦੀ ਜ਼ਰੂਰਤ ਹੁੰਦੀ ਹੈ। ਬੂਟਿਆਂ ਦੇ ਸਹੀ ਵਾਧੇ ਲਈ 20-37.5 ਡਿਗਰੀ ਤਾਪਮਾਨ ਦੀ ਲੋੜ ਹੁੰਦੀ ਹੈ। ਵੱਖਰੀਆਂ-ਵੱਖਰੀਆਂ ਕਿਸਮਾਂ ਵੱਖਰੀ-ਵੱਖਰੀ ਨਮੀ ਦੀ ਮਾਤਰਾ ਵਿੱਚ ਵਧਦੀਆਂ-ਫੁਲਦੀਆਂ ਹਨ। ਅਗੇਤੀ ਪਕਣ ਵਾਲੀਆਂ ਕਿਸਮਾਂ ਨੂੰ ਵੱਧ ਸਿੱਲ੍ਹ (83-85%) ਅਤੇ ਪਛੇਤੀਆਂ ਕਿਸਮਾਂ ਨੂੰ ਘੱਟ ਸਿੱਲ੍ਹ (67-68%) ਦੀ ਲੋੜ ਹੁੰਦੀ ਹੈ। ਵਧਦੀ ਹੋਈ ਮੰਗ ਅਤੇ ਖਪਤ ਝੋਨੇ ਦੀ ਕਾਸ਼ਤ ਨੂੰ ਵਧਾਉਂਦੀ ਹੈ, ਪਰ ਬਦਲਦੇ ਮੌਸਮ, ਵੱਧ ਨਮੀ ਅਤੇ ਕੀੜਿਆਂ ਤੇ ਬਿਮਾਰੀਆਂ ਦੇ ਵਧਦੇ ਪ੍ਰਕੋਪ ਕਾਰਨ ਕਈ ਨਵੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ ਅਤੇ ਝੋਨੇ 'ਤੇ ਆਉਣ ਵਾਲੀਆਂ ਬਿਮਾਰੀਆਂ ਇਸ ਦੀ ਕਾਸ਼ਤ ਵਿੱਚ ਰੁਕਾਵਟ ਪਾਉਂਦੀਆਂ ਹਨ।




ਇਨ੍ਹਾਂ ਵਿੱਚ ਮਧਰੇਪਣ ਦਾ ਰੋਗ ਇਕ ਮਹੱਤਵਪੂਰਨ ਵਿਸ਼ਾਣੂ ਰੋਗ ਹੈ, ਜੋ ਮੁੱਖ ਤੌਰ 'ਤੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਇੱਕ ਦੂਜੇ ਤੋਂ ਦੂਜੇ ਬੂਟੇ ਤੱਕ ਫੈਲਦਾ ਹੈ। ਇਸ ਰੋਗ ਦਾ ਕੋਈ ਸਿੱਧਾ ਇਲਾਜ ਨਹੀਂ ਹੈ, ਇਸ ਲਈ ਸਮੇਂ ਸਿਰ ਨਿਗਰਾਨੀ, ਟਿੱਡੇ ਦੀ ਸੁਚੱਜੀ ਰੋਕਥਾਮ ਹੀ ਇਸ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ।

**ਮਧਰੇਪਣ ਦੀਆਂ ਨਿਸ਼ਾਨੀਆਂ ਤੇ ਫੈਲਾਅ** : ਇਸ ਰੋਗ ਦਾ ਹਮਲਾ ਜੁਲਾਈ ਤੋਂ ਅਕਤੂਬਰ ਵਿੱਚ ਜ਼ਿਆਦਾ ਹੁੰਦਾ ਹੈ। ਬਿਜਾਈ ਹੇਠ ਆਏ ਬੂਟੇ ਛੋਟੇ ਅਤੇ ਮਧਰੇ ਰਹਿ ਜਾਂਦੇ ਹਨ। ਪੱਤੇ ਨੁਕੀਲੇ, ਜੜ੍ਹਾਂ ਦਾ ਵਿਕਾਸ ਸਿਹਤਮੰਦ ਬੂਟਿਆਂ ਨਾਲੋਂ ਘੱਟ ਹੁੰਦਾ ਹੈ ਅਤੇ ਜੜ੍ਹਾਂ ਵੀ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ। ਇਸ ਬਿਮਾਰੀ ਦਾ ਹਮਲਾ ਝੋਨੇ ਦੀਆਂ ਸਾਰੀਆਂ ਕਿਸਮਾਂ 'ਤੇ ਹੁੰਦਾ ਹੈ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਮੁੰਜਰਾਂ ਖਾਲੀ ਰਹਿ ਜਾਂਦੀਆਂ ਹਨ, ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ ਅਤੇ ਝਾੜ ਵਿੱਚ ਕਾਫ਼ੀ ਨੁਕਸਾਨ ਹੋ ਜਾਂਦਾ ਹੈ। ਇੱਕ ਬੂਟੇ ਤੋਂ ਦੂਜੇ ਬੂਟੇ ਦਾ ਰਸ ਚੂਸ ਕੇ ਚਿੱਟੀ ਪਿੱਠ ਵਾਲਾ ਟਿੱਡਾ ਇਹ ਰੋਗ ਫੈਲਾਉਂਦਾ ਹੈ। ਇਸ ਰੋਗ ਦੇ ਵਾਧੇ ਨੂੰ ਰੋਕਣ ਲਈ ਚਿੱਟੀ ਪਿੱਠ ਵਾਲੇ ਟਿੱਡੇ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਨਾਲ ਰੋਕਿਆ ਜਾ ਸਕਦਾ ਹੈ।

**ਚਿੱਟੀ ਪਿੱਠ ਵਾਲੇ ਟਿੱਡੇ ਦੀ ਪਛਾਣ** : ਇਸ ਕੀੜੇ ਦੇ ਨਵੇਂ ਨਿਕਲੇ ਬੱਚੇ (ਨਿੰਫ) ਸ਼ੁਰੂ ਵਿੱਚ ਹਲਕੇ ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ। ਜਿਵੇਂ-ਜਿਵੇਂ ਇਹ ਵੱਡੇ ਹੁੰਦੇ ਹਨ, ਇਨ੍ਹਾਂ ਦਾ ਰੰਗ ਗੂੜ੍ਹਾ ਸਲੇਟੀ ਹੋ ਜਾਂਦਾ ਹੈ। ਇਸ ਦੇ ਵੱਡੇ ਕੀੜੇ (ਬਾਲਗ) ਦੀ ਪਿੱਠ ਉੱਤੇ ਇਕ ਬਾਰੀਕ ਚਿੱਟੀ ਲਕੀਰ ਹੁੰਦੀ ਹੈ, ਜਿਸ ਕਰਕੇ ਇਸ ਦੀ ਪਛਾਣ ਆਸਾਨੀ ਨਾਲ ਹੋ ਜਾਂਦੀ ਹੈ। ਇਸ ਤੋਂ ਇਲਾਵਾ ਅਗਲੇ ਖੰਭਾਂ ਦੇ ਪਿਛਲੇ ਹਿੱਸੇ ਦੇ ਵਿਚਕਾਰ ਇੱਕ ਕਾਲਾ ਧੱਬਾ ਵੀ ਸਾਫ਼ ਦਿਖਾਈ ਦਿੰਦਾ ਹੈ।

**ਟਿੱਡਿਆਂ ਦਾ ਸਰਵੇਖਣ** : ਪਨੀਰੀ ਲਗਾਉਣ ਤੋਂ ਲੈ ਕੇ ਫ਼ਸਲ ਦੀ ਸ਼ੁਰੂਆਤੀ ਅਵਸਥਾ ਤੱਕ ਖੇਤ ਦਾ ਨਿਯਮਿਤ ਨਿਰੀਖਣ ਕਰਦੇ ਰਹੋ। ਖੇਤ ਦੇ ਵੱਖ-ਵੱਖ ਥਾਵਾਂ ਤੋਂ ਕੁਝ ਬੂਟਿਆਂ ਨੂੰ ਹੌਲੀ-ਹੌਲੀ ਹੇਠਾਂ ਵੱਲ ਝੁਕਾ ਕੇ 2-3 ਵਾਰ ਝਾੜੋ। ਜੇ ਨਿੰਫ (ਛੋਟੇ ਬੱਚੇ) ਜਾਂ ਵੱਡੇ ਟਿੱਡੇ ਪਾਣੀ ਦੀ ਸਤ੍ਹਾ 'ਤੇ ਤੈਰਦੇ ਨਜ਼ਰ ਆਉਣ ਤਾਂ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦਾ ਤੁਰੰਤ ਛਿੜਕਾਅ ਕਰੋ। ਟਿੱਡੇ ਦੀ ਆਮਦ ਦਾ ਸਮੇਂ ਸਿਰ ਪਤਾ ਲਗਾਉਣ ਲਈ ਰਾਤ ਵੇਲੇ ਪਨੀਰੀ ਜਾਂ ਖੇਤ ਦੇ ਨੇੜੇ ਬੱਲਬ ਵੀ ਜਗਾਇਆ ਜਾ ਸਕਦਾ ਹੈ ਕਿਉਂਕਿ ਇਹ ਕੀੜਾ ਰੌਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ।

**ਸਰਬਪੱਖੀ ਰੋਕਥਾਮ**

**ਖੇਤਾਂ ਦੀ ਸਾਫ਼ ਸਫ਼ਾਈ** : ਖੇਤ ਦੀਆਂ ਵੱਟਾਂ, ਖਾਲ ਅਤੇ ਆਲੇ-ਦੁਆਲੇ ਵਾਲੀਆਂ ਥਾਵਾਂ ਨੂੰ ਨਦੀਨਾਂ ਅਤੇ ਘਾਹ-ਫੂਸ ਤੋਂ ਸਾਫ਼ ਰੱਖੋ। ਇਸ ਨਾਲ ਟਿੱਡੇ ਨੂੰ ਲੁਕਣ ਅਤੇ ਵਧਣ ਲਈ ਅਨੁਕੂਲ ਥਾਂ ਨਹੀਂ ਮਿਲਦੀ ਅਤੇ ਇਸ ਦਾ ਹਮਲਾ ਘੱਟ ਹੁੰਦਾ ਹੈ।

**ਖਾਦਾਂ ਦੀ ਸੰਤੁਲਿਤ ਵਰਤੋਂ** : ਝੋਨੇ ਅਤੇ ਬਾਸਮਤੀ ਵਿੱਚ ਯੂਰੀਆ ਖਾਦ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਹੀ ਪਾਓ। ਲੋੜ ਤੋਂ ਵੱਧ ਯੂਰੀਆ ਪਾਉਣ ਨਾਲ ਬੂਟੇ ਬਹੁਤ ਨਰਮ ਅਤੇ ਹਰੇ-ਭਰੇ ਹੋ ਜਾਂਦੇ ਹਨ, ਜੋ ਟਿੱਡੇ ਦੇ ਵਾਧੇ ਲਈ ਅਨੁਕੂਲ ਹੁੰਦੇ ਹਨ। ਇਸ ਤੋਂ ਇਲਾਵਾ ਝੋਨੇ ਅਤੇ ਬਾਸਮਤੀ ਵਿੱਚ ਹਰੀ ਖਾਦ ਤੋਂ ਬਾਅਦ ਵਾਧੂ ਯੂਰੀਆ ਖਾਦ ਤੋਂ ਵੀ ਪ੍ਰਹੇਜ਼ ਕਰੋ।

**ਪਾਣੀ ਦਾ ਸਹੀ ਪ੍ਰਬੰਧ** : ਪਨੀਰੀ ਲਾਉਣ ਤੋਂ ਬਾਅਦ ਵਤਰੇਵਾਂ ਪਾਣੀ ਲਗਾਓ ਅਤੇ ਧਿਆਨ ਰੱਖੋ ਕਿ ਪੈਲੀ ਦੀਆਂ ਤੇੜਾਂ ਨਾ ਪਾਟਣ।

**ਰੋਗੀ ਬੂਟਿਆਂ ਨੂੰ ਕੱਢਣਾ** : ਖੇਤ ਵਿੱਚ ਜਿਵੇਂ ਹੀ ਮਧਰੇ ਬੂਟੇ ਨਜ਼ਰ ਆਉਣ ਉਨ੍ਹਾਂ ਨੂੰ ਤੁਰੰਤ ਪੁੱਟ ਕੇ ਖੇਤ ਵਿੱਚੋਂ ਬਾਹਰ ਕੱਢੋ ਅਤੇ ਡੂੰਘਾ ਦੱਬ ਦਿਓ। ਇਸ ਨਾਲ ਰੋਗ ਦੀ ਹੋਰ ਬੂਟਿਆਂ ਵਿੱਚ ਫੈਲਣ ਦੀ ਸੰਭਾਵਨਾ ਘਟ ਜਾਂਦੀ ਹੈ।

**ਰਸਾਇਣਕ ਰੋਕਥਾਮ** : ਚਿੱਟੀ ਪਿੱਠ ਵਾਲਾ ਟਿੱਡਾ ਬੂਟਿਆਂ ਦੇ ਮੁੱਢ ਅਤੇ ਜੜ੍ਹਾਂ ਦੇ ਨੇੜੇ ਰਹਿ ਕੇ ਰਸ ਚੂਸਦਾ ਹੈ। ਇਸ ਲਈ ਹਰ ਹਫ਼ਤੇ ਖੇਤ ਦਾ ਨਿਯਮਿਤ ਦੌਰਾ ਕਰੋ। ਖੇਤ ਦੇ ਵੱਖ-ਵੱਖ ਹਿੱਸਿਆਂ ਤੋਂ ਕੁਝ ਬੂਟੇ ਚੁਣ ਕੇ ਉਨ੍ਹਾਂ ਨੂੰ ਹੌਲੀ-ਹੌਲੀ ਝਾੜੋ ਅਤੇ ਟਿੱਡਿਆਂ ਦੀ ਗਿਣਤੀ ਕਰੋ। ਜੇ ਪ੍ਰਤੀ ਬੂਟਾ 5 ਜਾਂ ਇਸ ਤੋਂ ਵੱਧ ਟਿੱਡੇ ਨਜ਼ਰ ਆਉਣ ਤਾਂ ਹੇਠ ਦਿੱਤੇ ਕੀਟਨਾਸ਼ਕਾਂ ਵਿੱਚੋਂ ਕਿਸੇ ਇਕ ਦਾ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਜਿਸ ਥਾਂ ਟਿੱਡੇ ਦਾ ਹਮਲਾ ਦਿਖਾਈ ਦੇਵੇ, ਉਸ ਥਾਂ ਦੇ 3-4 ਮੀਟਰ ਆਲੇ-ਦੁਆਲੇ ਵੀ ਕੀਟਨਾਸ਼ਕ ਦਾ ਛਿੜਕਾਅ ਜ਼ਰੂਰ ਕਰੋ ਕਿਉਂਕਿ ਟਿੱਡੇ ਆਮ ਤੌਰ 'ਤੇ ਵੱਧ ਗਿਣਤੀ ਵਿੱਚ ਪਾਏ ਜਾਂਦੇ ਹਨ। (ਸਾਰਣੀ-1)

| ਕੀਟਨਾਸ਼ਕ | ਮਾਤਰਾ (ਪ੍ਰਤੀ ਏਕੜ) |
|---|---|
| ਉਲਾਲਾ 50 ਡਬਲਿਊਜੀ (ਫਲੋਨੀਕਾਮਿਡ) | 60 ਗ੍ਰਾਮ |
| ਟੋਕਨ/ਓਸ਼ੀਨ/ਡੋਮੀਨੇਂਟ 20 ਐਸਜੀ/ਐਮਸੀ (ਡਾਇਨਸਟੈਫੂਰਾਨ) | 80 ਗ੍ਰਾਮ |
| ਚੈੱਸ 50 ਡਬਲਿਊਜੀ (ਪਾਈਮੇਟਰੋਜ਼ਿਨ) | 120 ਗ੍ਰਾਮ |
| ਪੈਕਸਾਲੋਨ 10 ਐਸਸੀ (ਟਰਾਈਫਲੂਮੀਜ਼ੋਪਾਇਰਿਮ) | 94 ਮਿ. ਲੀ. |
| ਆਰਕੈਸਟਰਾ 10 ਐਸਸੀ (ਬੈਂਜ਼ਪਾਈਰੀਮੋਕਸਾਨ) | 400 ਮਿ. ਲੀ. |
| ਇਮੇਜ਼ਿਨ/ਵਿਓਲਾ 10 ਐਸਸੀ (ਫਲੂਪਾਈਰੀਮਿਨ) | 300 ਮਿ. ਲੀ. |
| ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈਸੀ (ਕੁਇਨਲਫਾਸ) | 800 ਮਿ. ਲੀ. |
| **ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ** | |
| ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) | 80 ਮਿ. ਲੀ. |
| ਪੀ.ਏ.ਯੂ. ਨਿੰਮ ਦਾ ਘੋਲ | 4 ਲੀਟਰ |

**ਸਾਵਧਾਨੀਆਂ**

★ ਖੇਤੀ ਜ਼ਹਿਰਾਂ ਦੀ ਵਰਤੋਂ ਸਿਰਫ਼ ਸਿਫ਼ਾਰਸ਼ ਮਾਤਰਾ ਅਤੇ ਲੋੜ ਪੈਣ 'ਤੇ ਹੀ ਕਰਨੀ ਚਾਹੀਦੀ ਹੈ।

★ ਇਕੋ ਕੀਟਨਾਸ਼ਕ ਦੀ ਵਾਰ-ਵਾਰ ਵਰਤੋਂ ਕਰਨ ਦੀ ਬਜਾਏ ਇਨ੍ਹਾਂ ਨੂੰ ਅਦਲ-ਬਦਲ ਕੇ ਵਰਤਣਾ ਚਾਹੀਦਾ ਹੈ।

★ ਛਿੜਕਾਅ ਕਰਦੇ ਸਮੇਂ ਟ੍ਰਿਪਲ-ਐਕਸ਼ਨ ਨੋਜ਼ਲ ਵਾਲੇ ਨੈਪਸੈਕ ਸਪ੍ਰੇਅਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਫੁਹਾਰੇ ਦਾ ਮੂੰਹ ਬੂਟਿਆਂ ਦੇ ਮੁੱਢ ਵੱਲ ਰੱਖਣਾ ਚਾਹੀਦਾ ਹੈ ਤਾਂ ਜੋ ਕੀਟਨਾਸ਼ਕ ਹੇਠਲੇ ਹਿੱਸੇ ਤੱਕ ਪਹੁੰਚ ਸਕੇ, ਜਿੱਥੇ ਟਿੱਡੇ ਵੱਧ ਹੁੰਦੇ ਹਨ।

★ ਬਿਨਾਂ ਲੋੜ ਸਿੰਥੈਟਿਕ ਪਾਇਰਥਰਾਇਡ ਕੀਟਨਾਸ਼ਕਾਂ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਲਾਭਕਾਰੀ ਕੀੜਿਆਂ ਨੂੰ ਵੀ ਨਸ਼ਟ ਕਰ ਦਿੰਦੇ ਹਨ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
KHETI DUNIYAN
TID - 62763351
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

## KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 44 ਅੰਕ 33**
**ਮਿਤੀ 15-08-2026**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ




## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers**,
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.PUNPUN00806


# ਇਥੇਨੌਲ-20 ਕਿਸਾਨਾਂ ਦੀ ਆਰਥਿਕ ਖ਼ੁਸ਼ਹਾਲੀ



**ਡਾ. ਅੰਮ੍ਰਿਤ ਸਾਗਰ ਮਿੱਤਲ,**
ਵਾਈਸ ਚੇਅਰਮੈਨ,
ਸੋਨਾਲੀਕਾ

ਭਾਰਤ ਵਰਗੇ ਦੇਸ਼ ਲਈ, ਜੋ ਆਪਣੀ ਕੱਚੇ ਤੇਲ ਦੀ ਲੋੜ ਦਾ ਕਰੀਬ 88 ਫੀਸਦੀ ਦਰਾਮਦ ਕਰਦਾ ਹੈ, ਆਤਮ-ਨਿਰਭਰਤਾ ਦੀ ਰਾਹ ਖੇਤਾਂ ਵਿੱਚੋਂ ਹੋ ਕੇ ਵੀ ਲੰਘਦੀ ਹੈ। ਗੰਨੇ, ਮੱਕੀ ਅਤੇ ਅਨਾਜ ਤੋਂ ਤਿਆਰ ਇਥੇਨੌਲ ਨਾ ਸਿਰਫ ਮਹਿੰਗੇ ਕੱਚੇ ਤੇਲ ਦੀ ਦਰਾਮਦ 'ਤੇ ਖਰਚ ਹੋਣ ਵਾਲੀ ਵਿਦੇਸ਼ੀ ਮੁਦਰਾ ਨੂੰ ਬਚਾਅ ਸਕਦਾ ਹੈ, ਸਗੋਂ ਕਿਸਾਨਾਂ ਨੂੰ ਊਰਜਾ ਦੇ ਖਪਤਕਾਰ ਤੋਂ ਊਰਜਾ ਦੇ ਉਤਪਾਦਕ ਵਿੱਚ ਬਦਲ ਸਕਦਾ ਹੈ। ਭਾਰਤ ਨੇ 2025-26 ਵਿੱਚ ਪੈਟਰੋਲ ਵਿੱਚ 20 ਫੀਸਦੀ ਇਥੇਨੌਲ ਮਿਸ਼ਰਣ ਭਾਵ ਈ-20 ਦਾ ਟੀਚਾ ਹਾਸਲ ਕਰ ਲਿਆ ਹੈ। 2013-14 ਵਿੱਚ ਇਥੇਨੌਲ ਬਲੈਂਡਿੰਗ 1.5 ਫੀਸਦੀ ਤੋਂ ਵੀ ਘੱਟ ਸੀ। ਇਥੇਨੌਲ ਦੀ ਖਰੀਦ ਵੀ 38 ਕਰੋੜ ਲੀਟਰ ਤੋਂ ਵੱਧ ਕੇ 1,200 ਕਰੋੜ ਲੀਟਰ ਤੋਂ ਵੱਧ ਹੋ ਗਈ ਹੈ।

ਹੁਣ ਅਸਲ ਸਵਾਲ ਇਹ ਹੈ ਕਿ ਈ-20 ਦੀ ਇਸ ਸਫਲਤਾ ਦਾ ਸਭ ਤੋਂ ਵੱਡਾ ਆਰਥਿਕ ਲਾਭ ਕਿਸਾਨ ਤੱਕ ਕਿਵੇਂ ਪਹੁੰਚੇ ? ਇਥੇਨੌਲ ਤੋਂ ਕਿਸਾਨਾਂ ਦੀ ਵਾਧੂ ਆਮਦਨ ਵਧਾਉਣ ਦੇ ਨਾਲ ਸਰਕਾਰ ਨੂੰ ਕਿਸਾਨਾਂ ਲਈ ਡੀਜ਼ਲ ਦੀ ਲਾਗਤ 'ਤੇ ਟੈਕਸ ਰਾਹਤ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਬ੍ਰਿਟੇਨ (ਯੂ. ਕੇ.) ਦੇ ਕਿਸਾਨਾਂ ਨੂੰ ਆਮ ਡੀਜ਼ਲ ਦੀ ਤੁਲਨਾ ਵਿੱਚ 80 ਫੀਸਦੀ ਘੱਟ ਟੈਕਸ 'ਤੇ 'ਰੈਡ ਡੀਜ਼ਲ' ਮਿਲਦਾ ਹੈ, ਜਿਸ 'ਤੇ 10.18 ਪੈਂਸ ਪ੍ਰਤੀ ਲੀਟਰ ਟੈਕਸ ਹੈ, ਜਦੋਂਕਿ ਆਮ ਡੀਜ਼ਲ 'ਤੇ 52.95 ਪੈਂਸ ਟੈਕਸ ਲੱਗਦਾ ਹੈ।

ਆਸਟਰੇਲੀਆ ਦੀ ਫਿਊਲ ਟੈਕਸ ਕ੍ਰੈਡਿਟ ਸਕੀਮ ਤਹਿਤ ਖੇਤੀ ਵਿੱਚ ਵਰਤੇ ਜਾਣ ਵਾਲੇ ਡੀਜ਼ਲ 'ਤੇ ਐਕਸਾਈਜ਼ ਡਿਊਟੀ ਰਿਫੰਡ ਹੁੰਦੀ ਹੈ। ਇੱਕ ਕਿਸਾਨ ਦੇ ਟਰੈਕਟਰ ਅਤੇ ਲਗਜ਼ਰੀ ਕਾਰ ਵਿੱਚ ਵਰਤੇ ਜਾਣ ਵਾਲੇ ਡੀਜ਼ਲ 'ਤੇ ਟੈਕਸ ਪ੍ਰਣਾਲੀ ਵਿੱਚ ਅੰਤਰ ਨਾ ਹੋਣਾ ਖੇਤੀ ਦੀ ਅਸਲ ਲਾਗਤ ਨੂੰ ਅਣਡਿੱਠ ਕਰਦਾ ਹੈ।

ਇਹ ਦਲੀਲ ਇਸ ਲਈ ਵੀ ਮਹੱਤਵਪੂਰਨ ਹੈ, ਕਿਉਂਕਿ ਛੋਟੇ ਅਤੇ ਸੀਮਤ ਕਿਸਾਨ ਭਾਰਤੀ ਖੇਤੀ ਦੀ ਰੀੜ੍ਹ ਹਨ। ਦੇਸ਼ ਵਿੱਚ ਬਹੁਤੇ ਕਿਸਾਨ ਛੋਟੀ ਜੋਤ ਵਾਲੇ ਹਨ ਅਤੇ ਉਨ੍ਹਾਂ ਲਈ ਡੀਜ਼ਲ ਦੀ ਕੀਮਤ ਵਿੱਚ ਮਾਮੂਲੀ ਵਾਧਾ ਵੀ ਸਿੰਜਾਈ, ਵਾਹੁਣ ਅਤੇ ਆਵਾਜਾਈ ਦੀ ਲਾਗਤ ਵਿੱਚ ਸਿੱਧਾ ਅਸਰ ਪਾਉਂਦਾ ਹੈ। ਖੇਤੀ ਵਿੱਚ ਡੀਜ਼ਲ 'ਤੇ ਟੈਕਸ ਰਾਹਤ ਨੂੰ ਇਥੇਨੌਲ ਉਤਪਾਦਨ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਸਰਕਾਰ ਇੱਕ ਨਾਲ ਦੋ ਨਿਸ਼ਾਨੇ ਸਾਧ ਸਕਦੀ ਹੈ - ਖੇਤੀ ਦੀ ਲਾਗਤ ਘਟਾਉਣਾ ਅਤੇ ਘਰੇਲੂ ਜੈਵ-ਈਂਧਨ ਲਈ ਕੱਚੇ ਮਾਲ ਦਾ ਉਤਪਾਦਨ ਵਧਾਉਣਾ।

ਮੱਕੀ ਇਸ ਦੀ ਸਭ ਤੋਂ ਵਧੀਆ ਉਦਾਹਰਣ ਹੈ। 2026-27 ਲਈ ਇਸ ਸਰਕਾਰ ਨੇ ਮੱਕੀ ਦਾ ਐਮ. ਐਸ. ਪੀ. 2,410 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਹੈ। ਸਰਕਾਰ ਅਨੁਸਾਰ ਇਸ 'ਤੇ ਮੱਕੀ ਉਤਪਾਦਕਾਂ ਨੂੰ ਲਾਗਤ ਦੇ ਮੁਕਾਬਲੇ 56 ਫੀਸਦੀ ਦਾ ਅਨੁਮਾਨਿਤ ਮਾਰਜਿਨ ਮਿਲਦਾ ਹੈ। ਇਥੇਨੌਲ ਲਈ ਮੱਕੀ ਦੀ ਮੰਗ ਵਧਣ ਨਾਲ ਕਿਸਾਨਾਂ ਨੂੰ




ਰਵਾਇਤੀ ਮੰਡੀ ਤੋਂ ਇਲਾਵਾ ਇੱਕ ਵੱਡਾ ਉਦਯੋਗਿਕ ਬਾਜ਼ਾਰ ਮਿਲ ਸਕਦਾ ਹੈ। ਇਹੀ ਉਹ ਬਦਲਾਅ ਹੈ, ਜਿਸ ਦੀ ਭਾਰਤੀ ਖੇਤੀ ਨੂੰ ਲੰਬੇ ਸਮੇਂ ਤੋਂ ਲੋੜ ਹੈ - ਕਿਸਾਨ ਸਿਰਫ ਅਨਾਜ ਉਤਪਾਦਕ ਨਾ ਰਹੇ, ਸਗੋਂ ਊਰਜਾ ਅਤੇ ਉਦਯੋਗਿਕ ਕੱਚੇ ਮਾਲ ਦਾ ਵੀ ਉਤਪਾਦਕ ਬਣੇ।

ਇਥੇਨੌਲ ਨੀਤੀ ਦਾ ਇੱਕ ਹੋਰ ਮਹੱਤਵਪੂਰਨ ਪਹਿਲੂ ਕੀਮਤ



ਅਤੇ ਬਾਜ਼ਾਰ ਦੀ ਅਨਿਸ਼ਚਿਤਤਾ ਨੂੰ ਘੱਟ ਕਰਨਾ ਹੈ। ਸਰਕਾਰ ਮੱਕੀ ਆਧਾਰਿਤ ਇਥੇਨੌਲ ਦੀ ਖਰੀਦ ਲਈ ਲਗਭਗ 71.86 ਰੁਪਏ ਪ੍ਰਤੀ ਲੀਟਰ ਦਾ ਮੁੱਲ ਦੇ ਰਹੀ ਹੈ। ਇਸ ਦਾ ਅਰਥ ਹੈ ਕਿ ਇਥੇਨੌਲ ਲਈ ਕਿਸਾਨਾਂ ਦੀ ਉਪਜ ਨਾਲ ਜੁੜੇ ਬਾਜ਼ਾਰ ਵਿੱਚ ਇੱਕ ਮੁਕਾਬਲਤਨ ਯਕੀਨੀ ਮੰਗ ਪੈਦਾ ਹੋਈ ਹੈ। ਇਹ ਵਿਵਸਥਾ ਤਾਂ ਹੀ ਜ਼ਿਆਦਾ ਪ੍ਰਭਾਵਸ਼ਾਲੀ ਹੋਵੇਗੀ, ਜਦੋਂ ਇਸ ਨੂੰ ਕਿਸਾਨ ਉਤਪਾਦਕ ਸੰਗਠਨਾਂ, ਸਹਿਕਾਰੀ ਸੁਸਾਇਟੀਆਂ ਅਤੇ ਸਥਾਨਕ ਇਥੇਨੌਲ ਪਲਾਂਟਾਂ ਨਾਲ ਜੋੜਿਆ ਜਾਵੇ, ਤਾਂ ਜੋ ਮੁੱਲ ਲੜੀ ਵਿੱਚ ਕਿਸਾਨ ਦੀ ਹਿੱਸੇਦਾਰੀ ਵਧੇ।

ਇਥੇਨੌਲ ਉਤਪਾਦਨ ਦਾ ਲਾਭ ਸਿਰਫ ਫ਼ਸਲ ਵੇਚਣ ਤੱਕ ਸੀਮਤ ਨਹੀਂ ਹੈ। ਅਨਾਜ ਤੋਂ ਇਥੇਨੌਲ ਬਣਾਉਣ ਦੀ ਪ੍ਰਕਿਰਿਆ ਵਿੱਚ ਨਿਕਲਣ ਵਾਲਾ 'ਡਿਸਟਿਲਰਜ਼ ਡ੍ਰਾਈਡ ਗ੍ਰੇਨ ਵਿਦ ਸੋਲਿਊਬਲਜ਼' ਪ੍ਰੋਟੀਨ ਭਰਪੂਰ ਪਸ਼ੂ ਚਾਰੇ ਦਾ ਮਹੱਤਵਪੂਰਨ ਸਰੋਤ ਹੈ। ਇਸ ਨਾਲ ਡੇਅਰੀ ਕਿਸਾਨਾਂ ਨੂੰ ਸਥਾਨਕ ਪੱਧਰ 'ਤੇ ਚਾਰਾ ਉਪਲੱਬਧ ਹੋ ਸਕਦਾ ਹੈ ਅਤੇ ਖੇਤੀ, ਇਥੇਨੌਲ ਅਤੇ ਪਸ਼ੂ-ਪਾਲਣ ਵਿਚਾਲੇ ਇੱਕ ਮਜ਼ਬੂਤ ਆਰਥਿਕ ਚੱਕਰ ਬਣਾਇਆ ਜਾ ਸਕਦਾ ਹੈ। ਜੇਕਰ ਛੋਟੇ ਅਤੇ ਦਰਮਿਆਨੇ ਪ੍ਰੋਸੈਸਿੰਗ ਪਲਾਂਟ ਖੇਤਾਂ ਦੇ ਆਸ-ਪਾਸ ਸਥਾਪਿਤ ਕੀਤੇ ਜਾਣ ਤਾਂ ਇਸ ਨਾਲ ਪੇਂਡੂ ਖੇਤਰਾਂ ਵਿੱਚ ਆਵਾਜਾਈ ਦੀ ਲਾਗਤ ਘਟੇਗੀ ਅਤੇ ਸਥਾਨਕ ਰੋਜ਼ਗਾਰ ਦੇ ਮੌਕੇ ਵੀ ਵਧਣਗੇ।

ਇਥੇਨੌਲ ਪ੍ਰੋਗਰਾਮ ਦਾ ਰਾਸ਼ਟਰੀ ਲਾਭ ਵੀ ਹੁਣ ਸਾਫ਼ ਦਿਖਾਈ ਦੇ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਕ 2014 ਤੋਂ ਇਥੇਨੌਲ ਬਲੈਂਡਿੰਗ ਪ੍ਰੋਗਰਾਮ ਦੇ ਕਾਰਨ ਕਰੀਬ 1.59 ਲੱਖ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਦੀ ਬੱਚਤ, ਲਗਭਗ 813 ਲੱਖ ਮੀਟ੍ਰਿਕ ਟਨ ਕਾਰਬਨ ਡਾਈਆਕਸਾਈਡ ਨਿਕਾਸੀ ਵਿੱਚ ਕਮੀ ਅਤੇ ਕਰੀਬ 270 ਲੱਖ ਮੀਟ੍ਰਿਕ ਟਨ ਕੱਚੇ ਮਾਲ ਦੀ ਦਰਾਮਦ ਘੱਟ ਹੋਈ ਹੈ। ਭਾਵ ਇਥੇਨੌਲ ਸਿਰਫ ਕਿਸਾਨਾਂ ਦੀ ਆਮਦਨ ਦਾ ਸਵਾਲ ਨਹੀਂ, ਸਗੋਂ ਊਰਜਾ ਦੀ ਸੁਰੱਖਿਆ, ਵਾਤਾਵਰਣ ਅਤੇ ਵਿਦੇਸ਼ੀ ਮੁਦਰਾ ਦੀ ਬੱਚਤ ਦਾ ਵੀ ਸਵਾਲ ਹੈ।

**ਅਗਲਾ ਰਾਹ** : ਈ-20 ਮੰਜ਼ਿਲ ਨਹੀਂ, ਸਗੋਂ ਇੱਕ ਨਵੀਂ ਸ਼ੁਰੂਆਤ ਹੈ। ਹੁਣ ਭਾਰਤ ਨੂੰ ਇਥੇਨੌਲ ਲਈ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਕਿਸਾਨਾਂ ਨੂੰ ਲੰਬੇ ਸਮੇਂ ਦੀ ਖਰੀਦ ਦੀ ਗਾਰੰਟੀ, ਪ੍ਰੋਸੈਸਿੰਗ ਪਲਾਂਟਾਂ ਨੂੰ ਉਤਸ਼ਾਹ ਅਤੇ ਸਥਾਨਕ ਪੱਧਰ 'ਤੇ ਮੁੱਲ ਵਾਧੇ ਦੀ ਸਹੂਲਤ ਮਿਲੇ। ਖਾਸਕਰ ਮੱਕੀ ਅਤੇ ਹੋਰ ਅਨਾਜ ਉਤਪਾਦਕ ਖੇਤਰਾਂ ਵਿੱਚ ਕਿਸਾਨ ਸੰਗਠਨਾਂ 'ਤੇ ਆਧਾਰਿਤ ਇਥੇਨੌਲ ਕਲੱਸਟਰ ਬਣਾਏ ਜਾ ਸਕਦੇ ਹਨ। ਇਥੇਨੌਲ ਦੀ ਹਰ ਵਾਧੂ ਬੂੰਦ ਭਾਰਤ ਦੀ ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰਤਾ ਨੂੰ ਹੋਰ ਘਟਾਏਗੀ, ਪਰ ਇਸ ਤੋਂ ਵੀ ਮਹੱਤਵਪੂਰਨ ਇਹ ਹੈ ਕਿ ਉਸ ਬੂੰਦ ਵਿੱਚ ਕਿਸਾਨ ਦੀ ਆਮਦਨ, ਪਿੰਡ ਦਾ ਰੋਜ਼ਗਾਰ, ਪਸ਼ੂ-ਪਾਲਣ ਦੀ ਅਰਥ-ਵਿਵਸਥਾ ਅਤੇ ਭਾਰਤ ਦੀ ਊਰਜਾ ਸੁਰੱਖਿਆ, ਚਾਰਾਂ ਦਾ ਭਵਿੱਖ ਜੁੜਿਆ ਹੈ।



# ਕਾਰਪ ਮੱਛੀ ਪਾਲਣ ਲਈ ਵਿਗਿਆਨਕ ਤਾਲਾਬ ਦੀ ਤਿਆਰੀ

**ਸਈਅਦ ਸ਼ਬੀਹ ਹਸਨ, ਹਰਗੋਬਿੰਦ ਸਿੰਘ ਅਤੇ ਲਾਵਨਿਆ,**
ਮੱਛੀ ਪਾਲਣ ਸਰੋਤ ਪ੍ਰਬੰਧਨ ਵਿਭਾਗ, ਫਿਸ਼ਰੀਜ਼ ਕਾਲਜ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ-141004 (ਪੰਜਾਬ)

### ਜਾਣ-ਪਛਾਣ

ਜਲ-ਪਾਲਣ ਆਧੁਨਿਕ ਖੇਤੀਬਾੜੀ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ, ਜੋ ਭੋਜਨ ਸੁਰੱਖਿਆ, ਪੇਂਡੂ ਰੁਜ਼ਗਾਰ ਅਤੇ ਆਮਦਨ ਪੈਦਾ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਤਾਜ਼ੇ ਪਾਣੀ ਦੇ ਜਲ-ਪਾਲਣ ਪ੍ਰਣਾਲੀਆਂ ਵਿੱਚ, ਕਾਰਪ ਮੱਛੀ ਪਾਲਣ ਇੱਕ ਪ੍ਰਮੁੱਖ ਸਥਾਨ ਰੱਖਦਾ ਹੈ, ਖਾਸ ਕਰਕੇ ਭਾਰਤ ਵਰਗੇ ਦੇਸ਼ਾਂ ਵਿੱਚ, ਜਿੱਥੇ ਕੈਟਲਾ (ਕੈਟਲਾ ਕੈਟਲਾ), ਰੋਹੂ (ਲੇਬੀਓ ਰੋਹਿਤਾ) ਅਤੇ ਮ੍ਰਿਗਲ (ਸਿਰੀਨਸ ਮ੍ਰਿਗਾਲਾ) ਵਰਗੀਆਂ ਪ੍ਰਜਾਤੀਆਂ ਦੀ ਵਿਆਪਕ ਤੌਰ 'ਤੇ ਕਾਸ਼ਤ ਕੀਤੀ ਜਾਂਦੀ ਹੈ।

ਹਾਲਾਂਕਿ, ਕਾਰਪ ਖੇਤੀ ਦੀ ਸਫ਼ਲਤਾ ਨਾ ਸਿਰਫ਼ ਗੁਣਵੱਤਾ ਵਾਲੇ ਬੀਜਾਂ ਨੂੰ ਭੰਡਾਰ ਕਰਨ ਜਾਂ ਫੀਡ ਪ੍ਰਦਾਨ ਕਰਨ 'ਤੇ ਨਿਰਭਰ ਕਰਦੀ ਹੈ, ਸਗੋਂ ਵਿਗਿਆਨਕ ਤਾਲਾਬ ਦੀ ਤਿਆਰੀ 'ਤੇ ਵੀ ਨਿਰਭਰ ਕਰਦੀ ਹੈ, ਜੋ ਕਿ ਇੱਕ ਉਤਪਾਦਕ ਜਲ-ਪਾਲਣ ਪ੍ਰਣਾਲੀ ਦੀ ਨੀਂਹ ਬਣਾਉਂਦਾ ਹੈ। ਇੱਕ ਚੰਗੀ ਤਰ੍ਹਾਂ ਤਿਆਰ ਕੀਤਾ ਗਿਆ ਤਾਲਾਬ ਇੱਕ ਸਿਹਤਮੰਦ ਵਾਤਾਵਰਨ, ਭਰਪੂਰ ਕੁਦਰਤੀ ਭੋਜਨ ਅਤੇ ਮੱਛੀਆਂ ਦੀ ਉੱਚ ਬਚਾਅ ਦਰ ਨੂੰ ਯਕੀਨੀ ਬਣਾਉਂਦਾ ਹੈ।

ਵਿਗਿਆਨਕ ਤਾਲਾਬ ਦੀ ਤਿਆਰੀ ਵਿੱਚ ਧਿਆਨ ਨਾਲ ਯੋਜਨਾਬੱਧ ਕਦਮਾਂ ਦੀ ਇੱਕ ਲੜੀ ਸ਼ਾਮਲ ਹੁੰਦੀ ਹੈ, ਜਿਸ ਵਿੱਚ ਤਲਾਬ ਨੂੰ ਸੁਕਾਉਣਾ, ਗਾਰ ਕੱਢਣਾ, ਚੂਨਾ ਲਗਾਉਣਾ, ਖਾਦ ਪਾਉਣਾ ਅਤੇ ਅਣਚਾਹੇ ਜੀਵਾਂ ਦਾ ਖਾਤਮਾ ਸ਼ਾਮਲ ਹੈ। ਇਹ ਕਦਮ ਤਾਲਾਬ ਦੀ ਉਤਪਾਦਕਤਾ ਨੂੰ ਬਿਹਤਰ ਬਣਾਉਂਦੇ ਹਨ ਅਤੇ ਮੱਛੀ ਦੇ ਵਧੇ ਲਈ ਇੱਕ ਆਦਰਸ਼ ਵਾਤਾਵਰਣ ਪ੍ਰਣਾਲੀ ਬਣਾਉਂਦੇ ਹਨ।

ਵਿਗਿਆਨਕ ਤਾਲਾਬ ਦੀ ਤਿਆਰੀ ਕਾਰਪ ਐਕੁਆਕਲਚਰ ਵਿੱਚ ਇੱਕ ਬੁਨਿਆਦੀ ਤਕਨੀਕੀ ਕਦਮ ਹੈ, ਜੋ ਉਤਪਾਦਕਤਾ, ਮੱਛੀ ਦੀ ਸਿਹਤ ਅਤੇ ਲੰਬੇ ਸਮੇਂ ਦੀ ਸਥਿਰਤਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਸਹੀ ਤਿਆਰੀ ਇਹ ਯਕੀਨੀ ਬਣਾਉਂਦੀ ਹੈ ਕਿ ਤਾਲਾਬ ਦਾ ਵਾਤਾਵਰਣ ਜੈਵਿਕ ਤੌਰ 'ਤੇ ਸੰਤੁਲਿਤ ਹੈ ਅਤੇ ਕੈਟਲਾ ਕੈਟਲਾ, ਲੇਬੀਓ ਰੋਹਿਤਾ ਅਤੇ ਸਿਰੀਨਸ ਮ੍ਰਿਗਾਲਾ ਵਰਗੇ ਕਾਰਪਾਂ ਦੀ ਕਾਸ਼ਤ ਲਈ ਰਸਾਇਣਕ ਤੌਰ 'ਤੇ ਢੁਕਵਾਂ ਹੈ। ਇਹ ਮੱਛੀ ਦੇ ਵਧੇ ਅਤੇ



ਬਚਾਅ ਲਈ ਅਨੁਕੂਲ ਸਥਿਤੀਆਂ ਬਣਾਉਣ ਲਈ ਮਿੱਟੀ ਵਿਗਿਆਨ, ਪਾਣੀ ਰਸਾਇਣ ਅਤੇ ਵਾਤਾਵਰਣ ਪ੍ਰਬੰਧਨ ਨੂੰ ਏਕੀਕ੍ਰਿਤ ਕਰਦਾ ਹੈ।

ਪਹਿਲੇ ਕਦਮ ਵਿੱਚ ਤਲਾਬਾਂ ਦਾ ਪਾਣੀ ਕੱਢਣਾ ਅਤੇ ਸੁਕਾਉਣਾ ਸ਼ਾਮਲ ਹੈ, ਜੋ ਸ਼ਿਕਾਰੀ ਅਤੇ ਨਦੀਨ ਮੱਛੀਆਂ, ਨੁਕਸਾਨਦੇਹ ਜੀਵਾਂ ਅਤੇ ਬਿਮਾਰੀ ਵੈਕਟਰਾਂ ਨੂੰ ਖਤਮ ਕਰਨ ਵਿੱਚ ਮਦਦ ਕਰਦਾ ਹੈ। ਧੁੱਪ ਵਿੱਚ ਸੁਕਾਉਣ ਨਾਲ ਹਾਈਡ੍ਰੋਜਨ ਸਲਫਾਈਡ ਵਰਗੀਆਂ ਜ਼ਹਿਰੀਲੀਆਂ ਗੈਸਾਂ ਨੂੰ ਵੀ ਆਕਸੀਕਰਨ ਕੀਤਾ ਜਾਂਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਹੁੰਦਾ ਹੈ। ਅਜਿਹੇ ਮਾਮਲਿਆਂ ਵਿੱਚ ਜਿੱਥੇ ਪੂਰੀ ਤਰ੍ਹਾਂ ਸੁਕਾਉਣਾ ਸੰਭਵ ਨਹੀਂ ਹੁੰਦਾ, ਰੋਟੇਨੋਨ ਜਾਂ ਮਹੂਆ ਤੇਲ ਕੇਕ ਵਰਗੇ ਏਜੰਟਾਂ ਦੀ ਵਰਤੋਂ ਕਰਕੇ ਰਸਾਇਣਕ ਖਾਤਮੇ ਦੀ ਸਿਫਾਰਸ਼ ਕੀਤੀ ਜਾਂਦੀ ਹੈ (ਬੋਇਡ ਐਂਡ ਟਕਰ, 2012)। ਤਾਲਾਬ ਦੇ ਤਲ ਦੀ ਮਿੱਟੀ ਨੂੰ ਬਾਅਦ ਵਿੱਚ ਵਾਹੁਣਾ ਜਾਂ ਹਲ ਵਾਯੂਮੰਡਲ ਨੂੰ ਵਧਾਉਂਦਾ ਹੈ ਅਤੇ ਪੌਸ਼ਟਿਕ ਖਣਿਜੀਕਰਨ ਦੀ ਸਹੂਲਤ ਦਿੰਦਾ ਹੈ।

ਚੂਨਾ ਲਗਾਉਣਾ ਇੱਕ ਮਹੱਤਵਪੂਰਨ ਵਿਗਿਆਨਕ ਦਖਲ ਹੈ ਜੋ ਮਿੱਟੀ ਅਤੇ ਪਾਣੀ ਦੀ ਐਸਿਡਿਟੀ ਨੂੰ ਠੀਕ ਕਰਨ, pH ਸੰਤੁਲਨ (ਅਨੁਕੂਲ ਸੀਮਾ 7-8.5) ਨੂੰ ਬਿਹਤਰ ਬਣਾਉਣ ਅਤੇ ਮਾਈਕ੍ਰੋਬਾਇਲ ਗਤੀਵਿਧੀ ਨੂੰ ਵਧਾਉਣ ਲਈ ਵਰਤਿਆ ਜਾਂਦਾ ਹੈ। ਐਪਲੀਕੇਸ਼ਨ ਦਰ ਮਿੱਟੀ ਦੇ pH ਅਤੇ ਬਣਤਰ 'ਤੇ ਨਿਰਭਰ ਕਰਦੀ ਹੈ, ਅਤੇ ਸਹੀ ਚੂਨਾ ਲਗਾਉਣ ਨਾਲ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਅਤੇ ਸਮੁੱਚੀ ਤਾਲਾਬ ਉਤਪਾਦਕਤਾ ਵਧਦੀ ਹੈ (ਬੋਇਡ, 2015)। ਚੂਨਾ ਲਗਾਉਣ ਤੋਂ ਬਾਅਦ, ਜੈਵਿਕ ਅਤੇ ਅਜੈਵਿਕ ਇਨਪੁਟਸ ਨਾਲ ਖਾਦ ਪਾਉਣ ਨਾਲ ਫਾਈਟੋਪਲੈਂਕਟਨ ਅਤੇ ਜ਼ੂਪਲੈਂਕਟਨ ਦੇ ਵਾਧੇ ਨੂੰ ਉਤੇਜਿਤ ਕੀਤਾ ਜਾਂਦਾ ਹੈ, ਜਿਸ ਨਾਲ ਕਾਰਪ ਪ੍ਰਜਾਤੀਆਂ ਲਈ ਇੱਕ ਕੁਦਰਤੀ ਭੋਜਨ ਅਧਾਰ ਸਥਾਪਤ ਹੁੰਦਾ ਹੈ।

ਪਾਣੀ ਭਰਨਾ ਅਤੇ ਕੰਡੀਸ਼ਨਿੰਗ ਇੱਕ ਹੋਰ ਜ਼ਰੂਰੀ ਪੜਾਅ ਹੈ, ਜਿੱਥੇ ਤਲਾਬਾਂ




ਨੂੰ ਫਿਲਟਰ ਕੀਤੇ ਪਾਣੀ ਨਾਲ ਭਰਿਆ ਜਾਂਦਾ ਹੈ ਤਾਂ ਜੋ ਅਣਚਾਹੇ ਪ੍ਰਜਾਤੀਆਂ ਦੇ ਪ੍ਰਵੇਸ਼ ਨੂੰ ਰੋਕਿਆ ਜਾ ਸਕੇ। ਢੁਕਵੀਂ ਪਾਣੀ ਦੀ ਡੂੰਘਾਈ (1-2 ਮੀਟਰ) ਬਣਾਈ ਰੱਖਣਾ ਤਾਪਮਾਨ ਸਥਿਰਤਾ ਅਤੇ ਪਲੈਂਕਟਨ ਵਿਕਾਸ ਦਾ ਸਮਰਥਨ ਕਰਦਾ ਹੈ। ਆਧੁਨਿਕ ਤਕਨੀਕੀ ਅਭਿਆਸਾਂ ਵਿੱਚ ਭੰਡਾਰਨ ਤੋਂ ਪਹਿਲਾਂ ਭੰਗ ਆਕਸੀਜਨ, pH, ਖਾਰੀਤਾ ਅਤੇ ਪਾਰਦਰਸ਼ਤਾ ਵਰਗੇ ਮਾਪਦੰਡਾਂ ਦਾ ਮੁਲਾਂਕਣ ਕਰਨ ਲਈ ਪਾਣੀ ਦੀ ਗੁਣਵੱਤਾ ਨਿਗਰਾਨੀ ਸਾਧਨਾਂ ਦੀ ਵਰਤੋਂ ਸ਼ਾਮਲ ਹੈ।

ਇਸ ਤੋਂ ਇਲਾਵਾ, ਇਨਲੇਟ ਅਤੇ ਆਊਟਲੇਟ ਸਕ੍ਰੀਨਾਂ ਦੀ ਸਥਾਪਨਾ, ਬੰਨ੍ਹ ਮਜ਼ਬੂਤੀ ਅਤੇ ਜੈਵਿਕ ਸੁਰੱਖਿਆ ਉਪਾਅ ਤਾਲਾਬ ਦੀ ਇਕਸਾਰਤਾ ਬਣਾਈ ਰੱਖਣ ਅਤੇ ਗੰਦਗੀ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਪ੍ਰੋਬਾਇਓਟਿਕਸ ਅਤੇ ਜੈਵਿਕ ਖਾਦਾਂ ਦੀ ਵਰਤੋਂ ਇੱਕ ਉੱਭਰ ਰਹੀ ਨਵੀਨਤਾ ਹੈ ਜੋ ਮਾਈਕ੍ਰੋਬਾਇਲ ਸੰਤੁਲਨ ਨੂੰ ਵਧਾਉਂਦੀ ਹੈ ਅਤੇ ਨੁਕਸਾਨਦੇਹ ਮੈਟਾਬੋਲਾਈਟਾਂ ਨੂੰ ਘਟਾਉਂਦੀ ਹੈ।

ਵਿਗਿਆਨਕ ਤਾਲਾਬ ਦੀ ਤਿਆਰੀ ਸੰਭਿਆਚਾਰਕ ਵਾਤਾਵਰਣ ਨੂੰ ਅਨੁਕੂਲ ਬਣਾਉਣ ਲਈ ਵਾਤਾਵਰਣ ਸੰਬੰਧੀ ਸਿਧਾਂਤਾਂ ਨੂੰ ਤਕਨੀਕੀ ਸਾਧਨਾਂ ਨਾਲ ਜੋੜਦੀ ਹੈ। ਇਹ ਕਾਰਪ ਉਤਪਾਦਨ ਕੁਸ਼ਲਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦੀ ਹੈ, ਜੋਖਮਾਂ ਨੂੰ ਘਟਾਉਂਦੀ ਹੈ ਅਤੇ ਟਿਕਾਊ ਜਲ-ਖੇਤੀ ਵਿਕਾਸ ਦਾ ਸਮਰਥਨ ਕਰਦੀ ਹੈ, ਜਿਸ ਨਾਲ ਕਿਸਾਨਾਂ ਲਈ ਬਿਹਤਰ ਜੀਵਨ-ਨਿਰਬਾਹ ਵਿੱਚ ਯੋਗਦਾਨ ਪਾਉਂਦੀ ਹੈ।

### ਵਿਗਿਆਨਕ ਤਾਲਾਬ ਤਿਆਰੀ ਦੀ ਮਹੱਤਤਾ

ਤਲਾਬ ਦੀ ਸਹੀ ਤਿਆਰੀ ਇਹਨਾਂ ਲਈ ਜ਼ਰੂਰੀ ਹੈ :

★ ਕੁਦਰਤੀ ਭੋਜਨ (ਪਲੈਂਕਟਨ) ਉਤਪਾਦਨ ਨੂੰ ਵਧਾਉਣਾ
★ ਸ਼ਿਕਾਰੀਆਂ ਅਤੇ ਜੰਗਲੀ ਬੂਟੀ ਵਾਲੀਆਂ ਮੱਛੀਆਂ ਨੂੰ ਖਤਮ ਕਰਨਾ
★ ਮਿੱਟੀ ਅਤੇ ਪਾਣੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ
★ ਮੱਛੀਆਂ ਦੇ ਬਚਾਅ ਅਤੇ ਵਿਕਾਸ ਨੂੰ ਵਧਾਉਣਾ
★ ਉਤਪਾਦਨ ਅਤੇ ਮੁਨਾਫ਼ੇ ਨੂੰ ਵੱਧ ਤੋਂ ਵੱਧ ਕਰਨਾ

ਮਾੜੇ ਢੰਗ ਨਾਲ ਤਿਆਰ ਕੀਤੇ ਤਾਲਾਬ ਅਕਸਰ ਘੱਟ ਪੈਦਾਵਾਰ, ਬਿਮਾਰੀ ਫੈਲਣ ਅਤੇ ਆਰਥਿਕ ਨੁਕਸਾਨ ਦਾ ਕਾਰਨ ਬਣਦੇ ਹਨ। ਇਸ ਲਈ, ਵਿਗਿਆਨਕ ਤਾਲਾਬ ਤਿਆਰੀ ਸਫ਼ਲ ਕਾਰਪ ਕਲਚਰ ਲਈ ਇੱਕ ਪੂਰਵ ਸ਼ਰਤ ਹੈ।

### ਸਾਈਟ ਦੀ ਚੋਣ ਅਤੇ ਤਾਲਾਬ ਡਿਜ਼ਾਈਨ

**ਮੁੱਖ ਵਿਚਾਰ**

★ **ਭੂਗੋਲ** : ਸਮਤਲ ਜਾਂ ਹੌਲੀ ਢਲਾਣ ਵਾਲੀ ਜ਼ਮੀਨ
★ **ਮਿੱਟੀ ਦੀ ਕਿਸਮ** : ਪਾਣੀ ਦੀ ਧਾਰਨ ਲਈ ਮਿੱਟੀ ਜਾਂ ਮਿੱਟੀ-ਦੋਮਟ ਮਿੱਟੀ
★ **ਪਾਣੀ ਦੀ ਉਪਲਬਧਤਾ** : ਭਰੋਸੇਯੋਗ ਅਤੇ ਪ੍ਰਦੂਸ਼ਣ-ਮੁਕਤ ਸਰੋਤ
★ **ਪਹੁੰਚਯੋਗਤਾ** : ਸੜਕਾਂ ਅਤੇ ਬਾਜ਼ਾਰਾਂ ਦੇ ਨੇੜੇ

**ਤਾਲਾਬ ਡਿਜ਼ਾਈਨ ਵਿਸ਼ੇਸ਼ਤਾਵਾਂ**

★ ਸਕ੍ਰੀਨਾਂ ਵਾਲੇ ਇਨਲੇਟ ਅਤੇ ਆਊਟਲੈੱਟ ਢਾਂਚੇ
★ ਲੀਕੇਜ ਨੂੰ ਰੋਕਣ ਲਈ ਮਜ਼ਬੂਤ ਬੰਨ੍ਹ
★ ਸਹੀ ਡਰੇਨੇਜ ਸਿਸਟਮ
★ 1.5-2.5 ਮੀਟਰ ਦੀ ਡੂੰਘਾਈ

ਇੱਕ ਚੰਗੀ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਤਲਾਅ ਕੁਸ਼ਲ ਪਾਣੀ ਪ੍ਰਬੰਧਨ ਦੀ ਸਹੂਲਤ ਦਿੰਦਾ ਹੈ ਅਤੇ ਰੱਖ-ਰਖਾਅ ਦੇ ਖਰਚਿਆਂ ਨੂੰ ਘਟਾਉਂਦਾ ਹੈ।

### ਤਲਾਅ ਸੁਕਾਉਣਾ ਅਤੇ ਧੁੱਪ ਵਿੱਚ ਰਹਿਣਾ

ਤਲਾਅ ਨੂੰ ਸੁਕਾਉਣਾ ਅਤੇ ਸਭ ਤੋਂ ਮਹੱਤਵਪੂਰਨ ਕਦਮ ਹੈ।

**ਉਦੇਸ਼**

★ ਨੁਕਸਾਨਦੇਹ ਜੀਵਾਂ (ਰੋਗਾਣੂ, ਪਰਜੀਵੀ) ਨੂੰ ਮਾਰੋ
★ ਸ਼ਿਕਾਰੀ ਅਤੇ ਨਦੀਨ ਮੱਛੀਆਂ ਨੂੰ ਖ਼ਤਮ ਕਰੋ
★ ਹਾਈਡ੍ਰੋਜਨ ਸਲਫਾਈਡ ਵਰਗੀਆਂ ਹਾਨੀਕਾਰਕ ਗੈਸਾਂ ਨੂੰ ਆਕਸੀਕਰਨ ਕਰੋ

**ਪ੍ਰਕਿਰਿਆ**

★ ਤਲਾਅ ਨੂੰ ਪੂਰੀ ਤਰ੍ਹਾਂ ਪਾਣੀ ਤੋਂ ਕੱਢ ਦਿਓ
★ ਤਲਾਅ ਨੂੰ 2-3 ਹਫ਼ਤਿਆਂ ਲਈ ਸੂਰਜ ਦੀ ਰੋਸ਼ਨੀ ਵਿੱਚ ਰੱਖੋ
★ ਮਿੱਟੀ ਨੂੰ ਦਰਾਰਾਂ ਲੱਗਣ ਦਿਓ

ਜੇਕਰ ਪੂਰੀ ਤਰ੍ਹਾਂ ਸੁਕਾਉਣਾ ਸੰਭਵ ਨਹੀਂ ਹੈ, ਤਾਂ ਰਸਾਇਣਕ ਇਲਾਜ ਵਰਗੇ ਵਿਕਲਪਕ ਤਰੀਕਿਆਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

### ਜਲ-ਨਦੀਨ ਅਤੇ ਸ਼ਿਕਾਰੀ ਜਾਨਵਰਾਂ ਨੂੰ ਹਟਾਉਣਾ

**ਨਦੀਨਾਂ ਦੀਆਂ ਕਿਸਮਾਂ**

★ ਤੈਰਦੇ ਹੋਏ (ਜਿਵੇਂ ਕਿ, ਪਾਣੀ ਵਿੱਚ ਹਲਵਾਈ)
★ ਡੁੱਬਿਆ ਹੋਇਆ
★ ਉੱਭਰਦਾ

**ਨਿਯੰਤਰਣ ਦੇ ਤਰੀਕੇ**

★ ਹੱਥੀਂ ਹਟਾਉਣਾ
★ ਮਕੈਨੀਕਲ ਤਰੀਕੇ
★ ਰਸਾਇਣਕ ਨਦੀਨਨਾਸ਼ਕ (ਜੇਕਰ ਜ਼ਰੂਰੀ ਹੋਵੇ)

**ਸ਼ਿਕਾਰੀ ਨਿਯੰਤਰਣ**

★ ਜਾਲ ਲਗਾ ਕੇ ਅਣਚਾਹੇ ਮੱਛੀਆਂ ਨੂੰ ਹਟਾਓ
★ ਮੱਛੀਨਾਸ਼ਕਾਂ ਦੀ ਵਰਤੋਂ ਕਰੋ (ਜਿਵੇਂ ਕਿ, ਮਹੂਆ ਤੇਲ ਕੇਕ)

ਇਹ ਯਕੀਨੀ ਬਣਾਉਂਦਾ ਹੈ ਕਿ ਸਟਾਕ ਕੀਤੇ ਕਾਰਪ ਖਾਧੇ ਜਾਂ ਮੁਕਾਬਲੇ ਤੋਂ ਬਾਹਰ ਨਾ ਜਾਣ।

**ਮਿੱਟੀ ਦੀ ਸਫਾਈ ਅਤੇ ਪ੍ਰਬੰਧਨ**

ਸਮੇਂ ਦੇ ਨਾਲ, ਜੈਵਿਕ ਪਦਾਰਥ ਤਲਾਅ ਦੇ ਤਲ 'ਤੇ ਇਕੱਠਾ ਹੋ ਜਾਂਦਾ ਹੈ, ਜਿਸ ਨਾਲ ਚਿੱਕੜ ਬਣ ਜਾਂਦਾ ਹੈ।

**ਡੀਸਿਲਟਿੰਗ ਦੀ ਮਹੱਤਤਾ**

★ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਕਰਦਾ ਹੈ
★ ਜ਼ਹਿਰੀਲੇ ਪਦਾਰਥਾਂ ਨੂੰ ਹਟਾਉਂਦਾ ਹੈ
★ ਪਾਣੀ ਦੀ ਗੁਣਵੱਤਾ ਨੂੰ ਵਧਾਉਂਦਾ ਹੈ

**ਅਭਿਆਸ**

★ ਵਾਧੂ ਗਾਦ ਨੂੰ ਹੱਥੀਂ ਜਾਂ ਮਸ਼ੀਨੀ ਤੌਰ 'ਤੇ ਹਟਾਓ
★ ਤਲਾਅ ਦੇ ਤਲ ਨੂੰ ਪੱਧਰਾ ਕਰੋ
★ ਤਰੇੜਾਂ ਅਤੇ ਲੀਕਾਂ ਦੀ ਮੁਰੰਮਤ ਕਰੋ

**ਤਲਾਅ ਨੂੰ ਲਿਮਟਣਾ**

ਮਿੱਟੀ ਅਤੇ ਪਾਣੀ ਦੀ ਗੁਣਵੱਤਾ ਬਣਾਈ ਰੱਖਣ ਲਈ ਚੂਨਾ ਲਗਾਉਣਾ ਜ਼ਰੂਰੀ ਹੈ।

**ਚੂਨੇ ਦੇ ਕੰਮ**

★ ਐਸੀਡਿਟੀ ਨੂੰ ਬੇਅਸਰ ਕਰਦੇ ਹਨ

(ਬਾਕੀ ਸਫਾ 6 'ਤੇ)

# ਲਾਵਾਰਸ ਕੁੱਤੇ ਅਤੇ ਪਸ਼ੂ ਬਣ ਰਹੇ ਜਾਨਾਂ ਦਾ ਖੌਅ

**ਪੰਜਾਬ ਵਿਚ ਲਾਵਾਰਸ ਪਸ਼ੂਆਂ ਤੇ ਕੁੱਤਿਆਂ ਦੀ ਲਗਾਤਾਰ ਗਿਣਤੀ ਵਧਣ ਨਾਲ ਲੋਕਾਂ ਦੀ ਸੜਕਾਂ ਤੇ ਗਲੀ ਮੁਹੱਲਿਆਂ ਵਿਚ ਦਿਨ-ਪ੍ਰਤੀ-ਦਿਨ ਸਿਰਦਰਦੀ ਵਧ ਰਹੀ ਹੈ । ਕੋਈ ਅਜਿਹਾ ਦਿਨ ਨਹੀਂ ਹੋਣਾ, ਜਿਸ ਦਿਨ ਅਖਬਾਰ ਵਿਚ ਖ਼ਬਰ ਨਾ ਛਪੀ ਹੋਵੇ ਕਿ ਫਲਾਣੇ ਸ਼ਹਿਰ ਦਾ ਨੌਜਵਾਨ ਲਾਵਾਰਸ ਪਸ਼ੂਆਂ ਦੀ ਲਪੇਟ ਵਿਚ ਆ ਗਿਆ ਜਾਂ ਲਾਵਾਰਸ ਕੁੱਤਿਆਂ ਦਾ ਸ਼ਿਕਾਰ ਬਣ ਗਿਆ । ਇਨ੍ਹਾਂ ਕਰਕੇ ਰੋਜ਼ਾਨਾ ਪਤਾ ਨਹੀਂ ਕਿੰਨੇ ਪਰਿਵਾਰ ਪ੍ਰਭਾਵਿਤ ਹੋ ਰਹੇ ਹਨ ਅਤੇ ਬੇਕਸੂਰ ਮਾਰੇ ਜਾਂਦੇ ਹਨ । ਸੜਕਾਂ 'ਤੇ ਪਸ਼ੂਆਂ ਕਾਰਨ ਵਾਪਰਦੀਆਂ ਘਟਨਾਵਾਂ ਦੀਆਂ ਵੀਡੀਓਜ਼ ਡਰਾਉਣ ਵਾਲੀਆਂ ਹੁੰਦੀਆਂ ਹਨ । ਇਸੇ ਤਰ੍ਹਾਂ ਲਾਵਾਰਸ ਕੁੱਤਿਆਂ ਨੇ ਸ਼ਹਿਰਾਂ ਵਿਚ ਸਹਿਮ ਪੈਦਾ ਕੀਤਾ ਹੋਇਆ ਹੈ ।**





ਹੁਣ ਲੋਕਾਂ ਵਿਚ ਕੁੱਤੇ ਪਾਲਣ ਦਾ ਸ਼ੌਕ ਬਹੁਤ ਵਧ ਚੁੱਕਿਆ ਹੈ, ਪਰ ਕਈ ਵਾਰ ਲੋਕ ਆਪਣੇ ਘਰੇਲੂ ਕੁੱਤੇ ਦੀ ਸੰਗਲੀ ਖੋਲ੍ਹ ਕੇ ਉਸ ਨੂੰ ਖੁੱਲ੍ਹਾ ਛੱਡ ਦਿੰਦੇ ਹਨ ਅਤੇ ਉਹ ਲੋਕਾਂ ਨੂੰ ਵੱਢ ਦਿੰਦੇ ਹਨ । ਜਿਸ ਕਰਕੇ ਮੁਹੱਲੇ 'ਚ ਰਹਿੰਦੇ ਲੋਕਾਂ ਦੀ ਲੜਾਈ ਥਾਣਿਆਂ ਤੇ ਤਹਿਸੀਲਾਂ ਤੱਕ ਪਹੁੰਚ ਜਾਂਦੀ ਹੈ । ਕੁੱਤਿਆਂ ਦੇ ਮਾਲਕ ਬਹੁਤੀ ਵਾਰ ਆਪਣਾ ਕਸੂਰ ਵੀ ਨਹੀਂ ਮੰਨਦੇ । ਅਕਸਰ ਦੇਖਿਆ ਜਾਂਦਾ ਹੈ ਕਿ ਕਈ ਘਰਾਂ ਵਿਚ ਪਰਿਵਾਰ ਦੇ ਬਜ਼ੁਰਗਾਂ ਦਾ ਹਾਲ ਚਾਲ ਤਾਂ ਕੋਈ ਚੰਗੀ ਤਰ੍ਹਾਂ ਪੁੱਛਦਾ ਨਹੀਂ, ਪਰ ਕੁੱਤਿਆਂ ਨੂੰ ਗੱਡੀਆਂ ਵਿਚ ਸੈਰ ਕਰਵਾਉਂਦੇ ਹਨ । ਸੁੰਨਸਾਨ ਜਗ੍ਹਾ 'ਤੇ ਆਮ ਦੇਖੇ ਜਾਂਦੇ ਲਾਵਾਰਸ ਕੁੱਤੇ ਉੱਥੋਂ ਲੰਘਦੇ ਰਾਹਗੀਰਾਂ ਨੂੰ ਵੱਢ ਲੈਂਦੇ ਹਨ, ਛੋਟੇ ਬੱਚਿਆਂ ਨੂੰ ਤਾਂ ਉਹ ਨੋਚ-ਨੋਚ ਕੇ ਖਾ ਜਾਂਦੇ ਹਨ । ਹਰਿਆਣਾ ਸਰਕਾਰ ਨੇ ਕੁੱਤੇ ਰੱਖਣ ਲਈ ਨਿਯਮ ਬਣਾਉਂਦਿਆਂ ਲਾਇਸੈਂਸ ਲਾਜ਼ਮੀ ਕਰ ਦਿੱਤਾ ਹੈ । ਕੁੱਤੇ ਪਾਲਣ ਲਈ ਪਹਿਲਾਂ ਸਰਕਾਰ ਤੋਂ ਇਜਾਜ਼ਤ ਲੈਣੀ ਪਵੇਗੀ ਅਤੇ ਲੋਕ ਇਕ ਘਰ ਵਿਚ ਇਕ ਹੀ ਕੁੱਤਾ ਰੱਖ ਸਕਦੇ ਹਨ । ਕੁੱਤਿਆਂ ਨੂੰ ਘੁਮਾਉਣ ਵੱਲ ਉਨ੍ਹਾਂ ਦੇ ਮੂੰਹ 'ਤੇ ਮਾਸਕ ਲਗਾਉਣਾ ਵੀ ਲਾਜ਼ਮੀ ਹੋਵੇਗਾ ।

ਸੂਬੇ ਵਿਚ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ । ਅੱਕੇ ਹੋਏ ਲੋਕਾਂ ਨੇ ਨੈਸ਼ਨਲ ਹਾਈਵੇ 'ਤੇ ਜਾਮ ਵੀ ਲਗਾਇਆ ਪਰ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲਿਆ, ਪ੍ਰਸ਼ਾਸਨ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ । ਅਵਾਰਾ ਕੁੱਤਿਆਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ ਅਤੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਝੁੰਡ ਬਣਾ ਕੇ ਘੁੰਮਦੇ ਹਨ । ਰਾਤ ਸਮੇਂ ਜਦੋਂ ਕੋਈ ਰਾਹਗੀਰ ਲੰਘਦਾ ਹੈ ਤਾਂ ਇਹ ਲਾਵਾਰਸ ਕੁੱਤੇ ਉਸ 'ਤੇ ਹਮਲਾ ਕਰ ਦਿੰਦੇ ਹਨ । ਜਿਸ ਕਰਕੇ ਲੋਕਾਂ ਦੇ ਮਨਾਂ ਵਿਚ ਕੁੱਤਿਆਂ ਦਾ ਬਹੁਤ ਜ਼ਿਆਦਾ ਖ਼ੌਫ਼ ਹੈ । ਕੁੱਤਿਆਂ ਕਰਕੇ ਪਾਰਕਾਂ ਵਿਚ ਵੀ ਲੋਕਾਂ ਦਾ ਸੈਰ ਕਰਨਾ ਮੁਸ਼ਕਿਲ ਹੋ ਗਿਆ ਹੈ । ਪਿਛਲੇ ਕਈ ਸਾਲਾਂ 'ਚ ਕੁੱਤਿਆਂ ਦੇ ਵੱਢਣ ਦੇ ਕੇਸਾਂ ਵਿਚ ਬਹੁਤ ਵਾਧਾ ਹੋਇਆ ਹੈ । ਟੈਲੀਵਿਜ਼ਨ ਚੈਨਲਾਂ 'ਤੇ ਕਦੇ ਵੀ ਅਜਿਹੇ ਗੰਭੀਰ ਮੁੱਦਿਆਂ ਨੂੰ ਲੈ ਕੇ ਬਹਿਸ ਨਹੀਂ ਹੁੰਦੀ । ਆਖਰ ਕਦੋਂ ਤੱਕ ਲੋਕ ਅਵਾਰਾ ਕੁੱਤਿਆਂ ਦਾ ਸ਼ਿਕਾਰ ਬਣਦੇ ਰਹਿਣਗੇ । ਚੱਲੋ ਮੰਨਿਆ ਕਿ ਕੁੱਤਿਆਂ ਨੂੰ ਮਾਰਿਆ ਨਹੀਂ ਜਾ ਸਕਦਾ, ਪਰ ਇਨ੍ਹਾਂ ਦੀ ਨਸਬੰਦੀ ਤਾਂ ਹੋ ਹੀ ਸਕਦੀ, ਤਾਂ ਕਿ ਇਨ੍ਹਾਂ ਦੀ ਜਨਸੰਖਿਆ ਹੋਰ ਨਾ ਵਧ ਸਕੇ । ਸੂਬਾ ਸਰਕਾਰਾਂ ਤੇ ਕੇਂਦਰ ਸਰਕਾਰ ਇਨ੍ਹਾਂ ਬਾਰੇ ਕੋਈ ਠੋਸ ਨੀਤੀ ਕਿਉਂ ਨਹੀਂ ਬਣਾਉਂਦੀਆਂ ।

ਪੰਜਾਬ ਵਿਚ ਲਾਵਾਰਸ ਪਸ਼ੂਆਂ ਦੀ ਸਾਂਭ-ਸੰਭਾਲ ਨਾ ਹੋਣ ਕਰਕੇ ਇਨ੍ਹਾਂ ਦੀ ਸਮੱਸਿਆ ਵੀ ਗੰਭੀਰ ਹੁੰਦੀ ਜਾ ਰਹੀ ਹੈ, ਜਿਸ ਕਾਰਨ ਪਤਾ ਨਹੀਂ ਕਿੰਨੀਆਂ ਹੀ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ । ਇਨ੍ਹਾਂ ਲਾਵਾਰਸ ਪਸ਼ੂਆਂ ਨੂੰ ਅਸੀਂ ਸੜਕਾਂ 'ਤੇ ਹਰਲ-ਹਰਲ ਕਰਦੇ ਵਿਚਰਦਿਆਂ ਆਮ ਦੇਖ ਸਕਦੇ ਹਾਂ, ਜੋ ਸੜਕਾਂ ਨਾਲ ਲਗਦੇ ਇਲਾਕਿਆਂ ਵਿਚ ਫ਼ਸਲਾਂ ਦਾ ਵੱਡਾ ਨੁਕਸਾਨ ਕਰਦੇ ਹਨ । ਪਤਾ ਨਹੀਂ ਕਿੰਨੇ ਜ਼ਿਮੀਂਦਾਰ ਰਾਤਾਂ ਨੂੰ ਠੀਕਰੀ ਪਹਿਰੇ ਦੇ ਕੇ ਇਨ੍ਹਾਂ ਤੇ ਆਪਣੀ ਫ਼ਸਲ ਦੀ ਬਰਬਾਦੀ ਨੂੰ ਬਚਾਉਂਦੇ ਹਨ । ਕਈ ਲੋਕ ਪਹਿਲਾਂ ਦੁਧਾਰੂ ਪਸ਼ੂਆਂ ਦਾ ਦੁੱਧ ਪੀਂਦੇ ਹਨ, ਪਰ ਜਦੋਂ ਇਹ ਦੁੱਧ ਦੇਣ ਤੋਂ ਹਟ ਜਾਂਦੇ ਹਨ ਤਾਂ ਇਨ੍ਹਾਂ ਨੂੰ ਲਾਵਾਰਸ ਛੱਡ ਦਿੰਦੇ ਹਨ । ਅਖ਼ਬਾਰਾਂ ਵਿਚ ਕਿਸਾਨਾਂ ਵਲੋਂ ਟਰਾਲੀਆਂ ਭਰ ਕੇ ਲਾਵਾਰਸ ਪਸ਼ੂਆਂ ਨੂੰ ਡੀ.ਸੀ. ਦਫ਼ਤਰਾਂ ਮੂਹਰੇ ਛੱਡ ਕੇ ਜਾਣ ਦੀਆਂ ਖ਼ਬਰਾਂ ਵੀ ਛਪਦੀਆਂ ਰਹੀਆਂ ਹਨ । ਕਿੰਨੇ ਹੀ ਨਿਰਦੋਸ਼ ਲੋਕ ਇਨ੍ਹਾਂ ਲਾਵਾਰਸ ਪਸ਼ੂਆਂ ਕਰਕੇ ਆਪਣੀਆਂ ਜਾਨਾਂ ਗੁਆ ਚੁੱਕੇ ਹਨ, ਅਜਿਹੀਆਂ ਘਟਨਾਵਾਂ ਪੜ੍ਹ ਸੁਣ ਕੇ ਦਿਲ ਕੰਬ ਉਠਦਾ ਹੈ । ਇਹ ਲਾਵਾਰਸ ਪਸ਼ੂ ਬਜ਼ਾਰਾਂ, ਭੀੜ ਭੜੱਕੇ ਵਾਲੀਆਂ ਥਾਵਾਂ, ਸੜਕਾਂ, ਗਲੀਆਂ ਵਿਚ ਖੜ੍ਹੇ ਸਕੂਟਰਾਂ ਤੇ ਗੱਡੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ । ਕਿਸਾਨ ਯੂਨੀਅਨਾਂ ਤਾਂ ਇੱਥੋਂ ਤੱਕ ਕਹਿ ਚੁੱਕੀਆਂ ਹਨ ਕਿ ਸਰਕਾਰ ਜੋ ਗਊ ਸੈੱਸ ਇਕੱਠਾ ਕਰਦੀ ਹੈ ਉਹ ਕਿਸਾਨਾਂ ਨੂੰ ਦੇ ਦੇਵੇ, ਪਸ਼ੂਆਂ ਦੀ ਸਮੱਸਿਆ ਦਾ ਹੱਲ ਉਹ ਖੁਦ ਕੱਢ ਲੈਣਗੇ । ਪਰ ਜਿਹੜੇ ਨੁਮਾਇੰਦਿਆਂ ਨੂੰ ਅਸੀਂ ਚੁਣ ਕੇ ਲੋਕ ਸਭਾ ਜਾਂ ਵਿਧਾਨ ਸਭਾ ਵਿਚ ਭੇਜਦੇ ਹਾਂ, ਉਹ ਇਸ ਗੰਭੀਰ ਸਮੱਸਿਆ ਨੂੰ ਹੱਲ ਕਰਨ ਵਾਸਤੇ ਸਰਕਾਰ ਅੱਗੇ ਇਹ ਮੁੱਦਾ ਕਿਉਂ ਨਹੀਂ ਉਠਾਉਂਦੇ ? ਸਰਕਾਰ ਨੂੰ ਲਾਵਾਰਸ ਪਸ਼ੂਆਂ ਤੇ ਕੁੱਤਿਆਂ ਦੀ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਸਮੱਸਿਆ ਦੇ ਹੱਲ ਲਈ ਕੋਈ ਠੋਸ ਨੀਤੀ ਬਣਾਉਣੀ ਹੋਵੇਗੀ, ਤਾਂ ਜੋ ਲੋਕਾਂ ਨੂੰ ਇਸ ਸਮੱਸਿਆ ਤੋਂ ਛੁਟਕਾਰਾ ਦਿਵਾਇਆ ਜਾ ਸਕੇ ।

**- ਸੰਜੀਵ ਸਿੰਘ ਸੈਣੀ, ਮੁਹਾਲੀ**

ਬਾਕੀ ਸਫਾ 5 ਦੀ

# ਕਾਰਪ ਮੱਛੀ ਪਾਲਣ ਲਈ ਵਿਗਿਆਨਕ ਤਾਲਾਬ ਦੀ ਤਿਆਰੀ

★ pH ਵਿੱਚ ਸੁਧਾਰ ਕਰਦੇ ਹਨ

★ ਨੁਕਸਾਨਦੇਹ ਜੀਵਾਂ ਨੂੰ ਮਾਰਦੇ ਹਨ

★ ਪੌਸ਼ਟਿਕ ਤੱਤਾਂ ਦੀ ਉਪਲਬਧਤਾ ਨੂੰ ਵਧਾਉਂਦੇ ਹਨ

**ਚੂਨੇ ਦੀਆਂ ਕਿਸਮਾਂ**

★ ਖੇਤੀਬਾੜੀ ਚੂਨਾ (CaCO)

★ ਕੁਇੱਕਲਾਈਮ (CaO)

★ ਸਲੇਕਡ ਚੂਨਾ (Ca(OH)

**ਖੁਰਾਕ**

ਮਿੱਟੀ ਦੇ pH (ਆਮ ਤੌਰ 'ਤੇ 200-1000 ਕਿਲੋਗ੍ਰਾਮ/ਹੈਕਟੇਅਰ) 'ਤੇ ਨਿਰਭਰ ਕਰਦਾ ਹੈ ।

**ਤਲਾਅ ਦੀ ਖਾਦ**

ਖਾਦ ਪਾਉਣ ਨਾਲ ਕੁਦਰਤੀ ਭੋਜਨ ਉਤਪਾਦਨ ਵਧਦਾ ਹੈ ।

**ਕਿਸਮਾਂ**

★ ਜੈਵਿਕ (ਗਊ ਗੋਬਰ, ਪੋਲਟਰੀ ਖਾਦ)

★ ਅਜੈਵਿਕ (ਯੂਰੀਆ, ਸੁਪਰ ਫਾਸਫੇਟ)

**ਉਦੇਸ਼**

★ ਪਲੈਂਕਟਨ ਦੇ ਵਾਧੇ ਨੂੰ ਉਤਸ਼ਾਹਿਤ ਕਰੋ

★ ਤਲਾਅ ਦੀ ਉਤਪਾਦਕਤਾ ਵਿੱਚ ਸੁਧਾਰ ਕਰੋ

**ਅਭਿਆਸ**

★ ਭੰਡਾਰਨ ਤੋਂ ਪਹਿਲਾਂ ਖਾਦ ਪਾਓ

★ ਪਾਣੀ ਦੀ ਪਾਰਦਰਸ਼ਤਾ ਬਣਾਈ ਰੱਖੋ (25-40 ਸੈਂਟੀਮੀਟਰ)

## ਪਾਣੀ ਭਰਨਾ ਅਤੇ ਕੰਡੀਸ਼ਨਿੰਗ

**ਕਦਮ**

★ ਤਲਾਅ ਨੂੰ ਸਾਫ਼ ਪਾਣੀ ਨਾਲ ਭਰੋ

★ ਸਕ੍ਰੀਨਾਂ ਰਾਹੀਂ ਪਾਣੀ ਫਿਲਟਰ ਕਰੋ

★ ਪਾਣੀ ਨੂੰ 7-10 ਦਿਨਾਂ ਲਈ ਸਥਿਰ ਹੋਣ ਦਿਓ

ਇਹ ਪਲੈਂਕਟਨ ਦੇ ਵਾਧੇ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਪਾਣੀ ਦੀ ਗੁਣਵੱਤਾ ਨੂੰ ਸਥਿਰ ਕਰਦਾ ਹੈ ।

**ਨੁਕਸਾਨਦੇਹ ਜੀਵਾਂ ਦਾ ਖਾਤਮਾ**

ਜੇਕਰ ਤਲਾਬ ਸੁਕਾਉਣਾ ਅਧੂਰਾ ਹੈ :

★ ਮਹੂਆ ਤੇਲ ਕੇਕ ਦੀ ਵਰਤੋਂ ਕਰੋ

★ ਬਲੀਚਿੰਗ ਪਾਊਡਰ ਲਗਾਓ

ਇਹ ਇਹਨਾਂ ਨੂੰ ਖਤਮ ਕਰਨ ਵਿੱਚ ਮਦਦ ਕਰਦੇ ਹਨ :

★ ਸ਼ਿਕਾਰੀ ਮੱਛੀਆਂ

★ ਕੀੜੇ

★ ਰੋਗਾਣੂ

## ਨਰਸਰੀ, ਪਾਲਣ-ਪੋਸ਼ਣ ਅਤੇ ਸਟਾਕਿੰਗ ਤਲਾਬਾਂ ਦੀ ਤਿਆਰੀ

**ਨਰਸਰੀ ਤਲਾਬਾਂ**

★ ਉੱਚ ਖਾਦ

★ ਬਰੀਕ ਜਾਲੀਦਾਰ ਸਕਰੀਨਾਂ

★ ਉੱਚ ਸਟਾਕਿੰਗ ਘਣਤਾ

**ਪਾਲਣ-ਪੋਸ਼ਣ ਤਲਾਬ**

★ ਦਰਮਿਆਨੀ ਖਾਦ

★ ਸਹੀ ਖੁਰਾਕ

**ਸਟਾਕਿੰਗ (ਵਧਦੇ) ਤਲਾਬ**

★ ਸੰਤੁਲਿਤ ਖਾਦ

★ ਘੱਟ ਸਟਾਕਿੰਗ ਘਣਤਾ

ਹਰੇਕ ਪੜਾਅ ਨੂੰ ਅਨੁਕੂਲ ਵਿਕਾਸ ਲਈ ਖਾਸ ਤਿਆਰੀ ਦੀ ਲੋੜ ਹੁੰਦੀ ਹੈ ।

## ਤਿਆਰੀ ਦੌਰਾਨ ਪਾਣੀ ਦੀ ਗੁਣਵੱਤਾ ਪ੍ਰਬੰਧਨ

**ਮੁੱਖ ਮਾਪਦੰਡ :**

**ਪੈਰਾਮੀਟਰ ਆਦਰਸ਼ ਰੇਂਜ**

pH 6.5-8.5

ਘੁਲੀ ਹੋਈ ਆਕਸੀਜਨ >5 ਮਿਲੀਗ੍ਰਾਮ/ਲੀ

ਪਾਰਦਰਸ਼ਤਾ 25-40 ਸੈਂਟੀਮੀਟਰ

ਇਹਨਾਂ ਨੂੰ ਬਣਾਈ ਰੱਖਣਾ ਇੱਕ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਉਂਦਾ ਹੈ ।

**ਖੇਤੀਬਾੜੀ ਨਾਲ ਏਕੀਕ੍ਰਿਤ ਤਾਲਾਬ ਤਿਆਰੀ**

ਮੱਛੀ ਪਾਲਣ ਨੂੰ ਖੇਤੀਬਾੜੀ ਨਾਲ ਜੋੜਿਆ ਜਾ ਸਕਦਾ ਹੈ :

★ ਖਾਦ ਲਈ ਖੇਤਾਂ ਦੀ ਖਾਦ ਦੀ ਵਰਤੋਂ ਕਰੋ

★ ਸਿੰਚਾਈ ਲਈ ਤਾਲਾਬ ਦੇ ਪਾਣੀ ਦੀ ਵਰਤੋਂ ਕਰੋ

★ ਖੇਤੀਬਾੜੀ ਰਹਿੰਦ-ਖੂੰਹਦ ਨੂੰ ਰੀਸਾਈਕਲ ਕਰੋ

ਇਹ ਲਾਗਤ ਘਟਾਉਂਦਾ ਹੈ ਅਤੇ ਸਥਿਰਤਾ ਵਿੱਚ ਸੁਧਾਰ ਕਰਦਾ ਹੈ ।

## ਕਿਸਾਨਾਂ ਦੇ ਵਿਕਾਸ ਵਿੱਚ ਭੂਮਿਕਾ

ਵਿਗਿਆਨਕ ਤਾਲਾਬ ਤਿਆਰੀ ਹੇਠ ਲਿਖੇ ਵੱਲ ਲੈ ਜਾਂਦੀ ਹੈ :

★ ਮੱਛੀ ਉਤਪਾਦਨ ਵਿੱਚ ਵਾਧਾ

★ ਕਿਸਾਨਾਂ ਦੀ ਆਮਦਨ ਵਿੱਚ ਵਾਧਾ

★ ਰੁਜ਼ਗਾਰ ਪੈਦਾ ਕਰਨਾ

★ ਟਿਕਾਊ ਖੇਤੀ ਅਭਿਆਸ

ਇਹ ਖਾਸ ਤੌਰ 'ਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਲਾਭਦਾਇਕ ਹੈ ।

## ਬਚਣ ਲਈ ਆਮ ਗਲਤੀਆਂ

★ ਅਧੂਰਾ ਤਾਲਾਬ ਸੁਕਾਉਣਾ

★ ਖਾਦਾਂ ਦੀ ਜ਼ਿਆਦਾ ਵਰਤੋਂ

★ ਚੂਨਾ ਲਗਾਉਣ ਨੂੰ ਨਜ਼ਰਅੰਦਾਜ਼ ਕਰਨਾ

★ ਨਦੀਨਾਂ ਦਾ ਮਾੜਾ ਨਿਯੰਤਰਣ

★ ਤਿਆਰੀ ਤੋਂ ਬਿਨਾ ਭੰਡਾਰਨ

ਇਹਨਾਂ ਤੋਂ ਬਚਣਾ ਬਿਹਤਰ ਨਤੀਜੇ ਯਕੀਨੀ ਬਣਾਉਂਦਾ ਹੈ ।

## ਸਿੱਟਾ

ਵਿਗਿਆਨਕ ਤਾਲਾਬ ਤਿਆਰੀ ਸਫਲ ਕਾਰਪ ਮੱਛੀ ਪਾਲਣ ਦੀ ਰੀੜ੍ਹ ਦੀ ਹੱਡੀ ਹੈ । ਇਹ ਇੱਕ ਸਿਹਤਮੰਦ ਤਾਲਾਬ ਈਕੋਸਿਸਟਮ ਨੂੰ ਯਕੀਨੀ ਬਣਾਉਂਦਾ ਹੈ, ਕੁਦਰਤੀ ਭੋਜਨ ਉਤਪਾਦਨ ਨੂੰ ਉਤਸ਼ਾਹਿਤ ਕਰਦਾ ਹੈ, ਅਤੇ ਮੱਛੀ ਦੇ ਵਿਕਾਸ ਅਤੇ ਬਚਾਅ ਨੂੰ ਵਧਾਉਂਦਾ ਹੈ । ਸੁਕਾਉਣ, ਗਾਰ ਕੱਢਣ, ਚੂਨਾ ਲਗਾਉਣ, ਖਾਦ ਪਾਉਣ ਅਤੇ ਪਾਣੀ ਦੀ ਕੰਡੀਸ਼ਨਿੰਗ ਵਰਗੇ ਯੋਜਨਾਬੱਧ ਕਦਮਾਂ ਦੀ ਪਾਲਣਾ ਕਰਕੇ, ਕਿਸਾਨ ਉਤਪਾਦਕਤਾ ਅਤੇ ਮੁਨਾਫੇ ਵਿੱਚ ਕਾਫ਼ੀ ਸੁਧਾਰ ਕਰ ਸਕਦੇ ਹਨ ।

ਟਿਕਾਊ ਜਲ-ਪਾਲਣ ਵਿਕਾਸ ਲਈ, ਵਿਸਥਾਰ ਸੇਵਾਵਾਂ ਅਤੇ ਕਿਸਾਨ ਸਿਖਲਾਈ ਪ੍ਰੋਗਰਾਮਾਂ ਦੁਆਰਾ ਸਮਰਥਤ ਵਿਗਿਆਨਕ ਤਾਲਾਬ ਤਿਆਰੀ ਅਭਿਆਸਾਂ ਨੂੰ ਅਪਣਾਉਣਾ ਜ਼ਰੂਰੀ ਹੈ । ਸਹੀ ਗਿਆਨ ਅਤੇ ਲਾਗੂ ਕਰਨ ਨਾਲ, ਕਾਰਪ ਮੱਛੀ ਪਾਲਣ ਇੱਕ ਬਹੁਤ ਹੀ ਉਤਪਾਦਕ ਅਤੇ ਆਰਥਿਕ ਤੌਰ 'ਤੇ ਵਿਵਹਾਰਕ ਉੱਦਮ ਬਣ ਸਕਦਾ ਹੈ, ਜੋ ਖੇਤੀਬਾੜੀ ਵਿਕਾਸ, ਪੇਂਡੂ ਵਿਕਾਸ ਅਤੇ ਭੋਜਨ ਸੁਰੱਖਿਆ ਵਿੱਚ ਯੋਗਦਾਨ ਪਾਉਂਦਾ ਹੈ ।

**ਪੰਜਾਬ ਦਾ ਬਿਰਤਾਂਤ ਸਿਰਜਦੀਆਂ ਤਿੰਨ ਸਰਕਾਰਾਂ, ਚਾਰ ਵਿਚਾਰ ਧਾਰਾਵਾਂ, ਤਿੰਨ ਵੱਖ-ਵੱਖ ਮੁੱਖ-ਮੰਤਰੀ, ਪਰ ਖੇਤੀ ਸੁਧਾਰਾਂ ਨੂੰ ਲੈ ਕੇ ਨਤੀਜਾ ਹਮੇਸ਼ਾ ਸਿਫ਼ਰ ਹੀ ਰਿਹਾ। ਗੱਲ ਜਿਸ ਨਾਲ ਸਾਰੇ ਸਹਿਮਤ ਹੋਏ ਤੇ ਸਹੀ ਵੀ ਸਮਝਦੇ ਹਨ ਕਿ ਸੂਬੇ ਵਿੱਚ ਜੋ ਇਸ ਸਮੇਂ ਖੇਤੀ ਮਾਡਲ ਚਲ ਰਿਹਾ ਹੈ, ਇਹ ਬਹੁਤੀ ਦੇਰ ਨਹੀਂ ਚਲ ਸਕਦਾ। 2012 ਤੋਂ ਹਰ ਸਰਕਾਰ ਨੇ ਆਪਣੇ ਕਾਰਜ ਕਾਲ ਵਿੱਚ ਖੇਤੀ ਨੂੰ ਹੁਲਾਰਾ ਦੇਣ ਲਈ ਕਮੇਟੀਆਂ ਦਾ ਗਠਨ ਕੀਤਾ ਤਾਂ ਜੋ ਇਸ ਸੰਬੰਧੀ ਕੋਈ ਵਿਵਹਾਰਕ ਰਿਪੋਰਟ ਤਿਆਰ ਹੋ ਸਕੇ ਅਤੇ ਉਸ ਦੇ ਆਧਾਰ ’ਤੇ ਖੇਤੀ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ। ਹਰ ਸਰਕਾਰ ਵਿੱਚ ਅਜਿਹੇ ਲਿਖਤੀ ਦਸਤਾਵੇਜ਼ ਬਣੇ ਵੀ, ਪਰ ਲਾਗੂ ਕੋਈ ਨਾ ਹੋਇਆ। ਇਹ ਕਿਸੇ ਇੱਕ ਸਰਕਾਰ ਦੀ ਨਾਕਾਮੀ ਨਹੀਂ, ਬਲਕਿ ਢਾਂਚਾਗਤ ਨਾਕਾਮੀ ਹੈ, ਜੋ ਹੁਣ ਲਗਾਤਾਰ ਤਿੰਨ ਸਰਕਾਰਾਂ ਦੀ ਤਬਦੀਲੀ ਤੋਂ ਬਾਅਦ ਵੀ ਕਾਇਮ ਹੈ। ਇਸ ਤੋਂ ਇਹ ਗੱਲ ਤਾਂ ਸਿੱਧ ਹੁੰਦੀ ਹੈ ਕਿ ਸਮੱਸਿਆ ਸ਼ਾਇਦ ਇਹ ਨਹੀਂ ਕਿ ਪੰਜਾਬ ’ਤੇ ਰਾਜ ਕੌਣ ਕਰਦਾ ਹੈ, ਸਗੋਂ ਇਹ ਹੈ ਕਿ ਹਰ ਸਰਕਾਰ ਹਾਲਾਤ ਦੇ ਸਾਹਮਣੇ ਗੋਡੇ ਟੇਕ ਦਿੰਦੀ ਹੈ।**



# ਚਾਰ ਖੇਤੀ ਨੀਤੀ ਖਰੜੇ ਬਣੇ ਪਰ ਨਤੀਜਾ ਕੋਈ ਨਹੀਂ

## ਅਕਾਲੀ-ਭਾਜਪਾ ਦੌਰ

ਜਦੋਂ 2012 ਵਿੱਚ ਅਕਾਲੀ-ਭਾਜਪਾ ਗੱਠਜੋੜ ਨੇ ਲਗਾਤਾਰ ਦੂਜੀ ਵਾਰ ਸੱਤਾ ਸੰਭਾਲੀ, ਉਦੋਂ ਤੱਕ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਸੰਕਟ ਪਹਿਲਾਂ ਹੀ ਦਸਤਾਵੇਜ਼ੀ ਰੂਪ ਵਿੱਚ ਆ ਚੁੱਕਾ ਸੀ। ਸਰਕਾਰ ਨੇ ਫ਼ਸਲੀ ਭਿੰਨਤਾ ਨੂੰ ਹੁਲਾਰਾ ਦੇਣ ਦਾ ਵੋਟਾਂ ਵਿੱਚ ਦਾਅਵਾ ਕੀਤਾ ਸੀ। ਸਰਕਾਰੀ ਤੌਰ ’ਤੇ 2013 ਵਿੱਚ ਫ਼ਸਲੀ ਭਿੰਨਤਾ ਪ੍ਰੋਗਰਾਮ ਲਿਆਂਦਾ ਤੇ ਉਸੇ ਸਾਲ ਖੇਤੀ ਵਿਗਿਆਨੀ ਜੀ. ਐਸ. ਕਾਲਕਟ ਦੀ ਅਗਵਾਈ ਹੇਠ ਇੱਕ ਵਿਆਪਕ ਖਰੜਾ ਤਿਆਰ ਕਰਵਾਇਆ ਗਿਆ, ਜਿਸ ਦਾ ਮਕਸਦ ਸਮਰੱਥਾ ਤੋਂ ਵੱਧ ਸ਼ੋਸ਼ਿਤ ਤੇ ਨਾਜ਼ੁਕ ਬਲਾਕਾਂ ਵਿੱਚ ਝੋਨੇ ਦੇ ਰਕਬੇ ਨੂੰ ਮੱਕੀ, ਕਪਾਹ, ਤੇਲ ਬੀਜਾਂ ਤੇ ਦਾਲਾਂ ਵੱਲ ਮੋੜਨਾ ਸੀ। ਇਸ ਖਰੜੇ ਨੂੰ ਪਹਿਲੀ ਵਾਰ ਇਹ ਮੰਨਿਆ ਗਿਆ ਕਿ ਇਹ ਇੱਕ ਪੂਰੀ ਮੁਕੰਮਲ ਨੀਤੀ ਵਜੋਂ ਤਿਆਰ ਕੀਤਾ ਗਿਆ ਹੈ, ਪਰ ਇਸ ਨੂੰ ਵੀ ਲਾਗੂ ਨਹੀਂ ਕੀਤਾ ਗਿਆ। ਇਸ ਤਰ੍ਹਾਂ ਝੋਨੇ ਦਾ ਰਕਬਾ ਹੋਰ ਵਧ ਗਿਆ। ਇਸ ਰਿਪੋਰਟ ਨੂੰ ਲਾਗੂ ਨਾ ਕਰਨ ਦਾ ਆਮ ਕਰਨ ਇਹ ਦੱਸਿਆ ਜਾਂਦਾ ਹੈ ਕਿ ਇਸ ਵਿੱਚ ਕਿਸਾਨਾਂ ਨੂੰ ਦਿੱਤੀ ਜਾ ਰਹੀ ਬਿਜਲੀ ਸਬਸਿਡੀ ਬੰਦ ਕਰਕੇ ਮੀਟਰ ਲਾ ਕੇ ਬਿੱਲ ਵਸੂਲਣ ਦੀ ਤਜਵੀਜ਼ ਸੀ। ਨਾਲ ਹੀ ਪਾਣੀ ਦੀ ਕੀਮਤ ਤੈਅ ਕਰਨ ਦੀ ਗੱਲ ਵੀ ਸੀ। ਰਿਪੋਰਟ ਮੁਤਾਬਕ ਆਉਣ ਵਾਲੇ 5-7 ਸਾਲਾਂ ਵਿੱਚ 40 ਫ਼ੀਸਦੀ ਰਕਬਾ ਘਟਾਉਣ ਦੀ ਗੱਲ ਸੀ। ਇਸ ਨੀਤੀ ਨੂੰ ਲਾਗੂ ਕਰਨ ਲਈ 5300 ਕਰੋੜ ਰੁਪਏ ਖਰਚ ਹੋਣ ਦਾ ਅਨੁਮਾਨ ਸੀ, ਇਹ ਪੈਸਾ ਕਿਸਾਨਾਂ ਨੂੰ ਬਦਲਵੀਂ ਫ਼ਸਲ ਵੱਲ ਉਤਸ਼ਾਹਿਤ ਕਰਨ ਲਈ ਵਰਤਿਆ ਜਾਣਾ ਸੀ। ਪਰ ਵੇਲੇ ਦੇ ਖਜ਼ਾਨਾ ਮੰਤਰੀ ਨੇ ਖਜ਼ਾਨਾ ਖਾਲੀ ਹੋਣ ਦਾ ਢੋਲ ਵਜਾ ਦਿੱਤਾ। ਪਰ ਇਸ ਰਿਪੋਰਟ ਵਿੱਚ ਬਦਲਵੀਆਂ ਫ਼ਸਲਾਂ ਦੀ ਕਿੰਨੀ ਮੰਗ ਕਿੱਥੇ ਹੋਵੇਗੀ, ਇਸ ਬਾਰੇ ਕੋਈ ਜ਼ਿਕਰ ਨਹੀਂ ਸੀ।

## ਕਾਂਗਰਸ ਦਾ ਦੌਰ

2017 ਦੀਆਂ ਚੋਣਾਂ ਵਿੱਚ ਕਾਂਗਰਸ ਨੇ ਦੇਖਿਆ ਕਿ ਫ਼ਸਲੀ ਭਿੰਨਤਾ ਤੇ ਹੋਰ ਖੇਤੀ ਬਦਲਾਅ ਲੰਮੀਆਂ ਗੱਲਾਂ ਹਨ ਤਾਂ ਉਨ੍ਹਾਂ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਭਰਮਾਉਣ ਲਈ ਕਰਜ਼ ਮੁਆਫ਼ੀ ਦੀ ਮੰਗ ਕੀਤੀ। ਪਰ ਅਸਲ ਵਿੱਚ ਕਰਜ਼ ਨਾ ਸਿਰਫ਼ 20ਵਾਂ ਹਿੱਸਾ ਹੀ ਮੁਆਫ਼ ਕੀਤਾ ਗਿਆ। ਉਸ ਵੇਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਕੁੱਲ ਕਰਜ਼ਾ ਤਕਰੀਬਨ 1 ਲੱਖ ਕਰੋੜ ਦਾ ਸੀ, ਜਿਸ ਵਿੱਚੋਂ ਸਿਰਫ਼ 4624 ਕਰੋੜ ਦੀ ਹੀ ਮੁਆਫ਼ੀ ਦਿੱਤੀ ਗਈ ਸੀ। ਕਾਂਗਰਸ ਨੇ 2018 ਵਿੱਚ ਅਜੈਵੀਰ ਜਾਖੜ ਦੀ ਅਗਵਾਈ ਹੇਠ ਆਪਣੀ ਖੇਤੀ ਨੀਤੀ ਤਿਆਰ ਕਰਾਈ, ਜਿਸ ਵਿੱਚ ਸੰਚਾਈ ਲਈ ਦਿੱਤੀ ਜਾ ਰਹੀ ਬਿਜਲੀ ਸਬਸਿਡੀ ਬੰਦ ਕਰਕੇ 100 ਰੁਪਏ ਪ੍ਰਤੀ ਹਾਰਸ ਪਾਵਰ, ਪ੍ਰਤੀ ਮਹੀਨਾ ਦੇ ਹਿਸਾਬ ਨਾਲ ਬਿਲ ਲਾਉਣ ਦੀ ਗੱਲ ਆਖੀ ਸੀ ਅਤੇ ਇਹ ਉਨ੍ਹਾਂ ਕਿਸਾਨਾਂ ’ਤੇ ਲੱਗਣੇ ਸਨ, ਜਿਨ੍ਹਾਂ ਕੋਲ 4 ਹੈਕਟੇਅਰ



**ਡਾ. ਅਮਨਪ੍ਰੀਤ ਸਿੰਘ ਬਰਾੜ**
ਮੋ: 96537-90000

ਤੋਂ ਵੱਧ ਜ਼ਮੀਨ ਹੈ। ਹੌਲੀ-ਹੌਲੀ ਸਾਰੀ ਬਿਜਲੀ ਸਬਸਿਡੀ ਖਤਮ ਕਰਨ, ਪਾਣੀ ਬਚਾਉਣ ਲਈ ਝੋਨੇ-ਕਣਕ ਦਾ ਫ਼ਸਲੀ ਚੱਕਰ ਤੋੜਨ, ਫ਼ਸਲੀ ਭਿੰਨਤਾ ਲਈ ਬਾਗਾਂ ਤੇ ਸਬਜ਼ੀਆਂ ਨੂੰ ਉਤਸ਼ਾਹਿਤ ਕਰਨ ਅਤੇ ਮੰਡੀਕਰਨ ਲਈ ਐਫ.ਪੀ.ਓ. ਜ਼ਰੀਏ ਗੁਣਵੱਤਾ ਵਧਾਉਣ ਵਾਲੇ ਉਦਯੋਗ ਖੁਲ੍ਹਵਾਉਣ ਦੀ ਗੱਲ ਵੀ ਇਸ ਰਿਪੋਰਟ ਵਿੱਚ ਆਖੀ ਗਈ ਸੀ। ਕੰਟਰੈਕਟ ਦੀ ਖੇਤੀ ਨੂੰ ਮੁੜ ਸੁਰਜੀਤ ਕਰਨ ਵੱਲ ਵੀ ਜ਼ੋਰ ਦਿੱਤਾ ਗਿਆ ਸੀ। ਗੱਲ ਇੱਥੇ ਵੀ ਉਹ ਹੀ ਸੀ ਕਿ ਜੇ ਬਦਲ ਲਿਆਉਣਾ ਹੈ ਤਾਂ ਇੱਕ ਵਾਰ ਕਿਸਾਨਾਂ ਦੀ ਆਮਦਨ ਘਟਦੀ ਹੈ। ਸਵਾਲ ਇਹ ਸੀ ਕਿ ਕਿਵੇਂ ਤੇ ਕਿੰਨਾ ਸਮਾਂ ਕਿਸਾਨਾਂ ਦੀ ਘਟੀ ਆਮਦਨ ਦੀ ਪੂਰਤੀ ਲਈ ਉਨ੍ਹਾਂ ਨੂੰ ਮਦਦ ਦੇਣੀ ਹੈ। ਕਿਉਂਕਿ ਜੋ ਵੀ ਸੁਝਾਅ ਆਏ ਸਨ, ਉਹ ਲੰਬੇ ਸਮੇਂ ਦੇ ਲਈ ਸਨ ਤੇ ਉਨ੍ਹਾਂ ਲਈ ਕੋਈ ਸਮਾਂ ਸੀਮਾ ਨਹੀਂ ਸੀ। ਐਫ. ਪੀ. ਓ. ਅਤੇ ਕੰਟਰੈਕਟ ਖੇਤੀ ਪਹਿਲਾਂ ਹੀ ਦਮ ਤੋੜ ਚੁੱਕੀ ਸੀ। ਇਸ ਦੌਰਾਨ ਕੇਂਦਰ ਨੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਹੁਲਾਰਾ ਦੇਣ ਲਈ ਫੂਡ ਪਾਰਕ ਵੀ ਖੋਲ੍ਹੇ, ਪਰ ਸਿੱਟਾ ਬਹੁਤਾ ਵਧੀਆ ਨਹੀਂ ਨਿਕਲਿਆ। ਇਸ ਤਰ੍ਹਾਂ ਇਹ ਰਿਪੋਰਟ ਵੀ ਸਰਕਾਰੀ ਮਹਿਕਮਿਆਂ ਦੇ ਰਿਕਾਰਡ ਦੇ ਕਿਸੇ ਖੂੰਜੇ ਵਿੱਚ ਦਮ ਤੋੜ ਗਈ। ਇੱਥੇ ਹੀ ਬੱਸ ਨਹੀਂ ਹੋਈ, ਕਾਂਗਰਸ ਸਰਕਾਰ ਨੇ 2020 ਵਿੱਚ ਕੋਰੋਨਾ ਦੌਰਾਨ ਕਿਸਾਨਾਂ ਦੀ ਆਮਦਨ ਤੇ ਸੂਬੇ ਦੀ ਆਰਥਿਕਤਾ ਜੋ ਖੇਤੀ ’ਤੇ ਟਿਕੀ ਹੋਈ ਸੀ, ਨੂੰ ਹੁਲਾਰਾ ਦੇਣ ਲਈ ਸ. ਮੋਨਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਵੀ ਇੱਕ ਕਮੇਟੀ ਬਣਾਈ ਸੀ। ਅਫਸੋਸ ਹੈ ਕਿ ਉਹ ਰਿਪੋਰਟ ਵੀ ਆਉਂਦੇ ਸਾਰ ਹੀ ਰੱਦੀ ਦੀ ਟੋਕਰੀ ਵਿੱਚ ਚਲੀ ਗਈ।



## ’ਆਪ’ ਦਾ ਦੌਰ

2022 ਦੀਆਂ ਚੋਣਾਂ ਤੋਂ ਪਹਿਲਾਂ ‘ਆਪ’ ਨੇ ਆਪਣੇ ਵਾਅਦਿਆਂ ਵਿੱਚ ਖੇਤੀ ਨੀਤੀ ਲਿਆ ਕੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ 5 ਮਿੰਟਾਂ ਵਿੱਚ ਹਰ ਫ਼ਸਲ ’ਤੇ ਐਮ.ਐਸ.ਪੀ. ਦੇਣ ਦਾ ਵਾਅਦਾ ਕੀਤਾ ਸੀ। ਇਨ੍ਹਾਂ ਨੇ 11 ਮੈਂਬਰੀ ਕਮੇਟੀ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਬਣਾਈ। ਇਹ ਖਰੜਾ ਤਕਰੀਬਨ 200 ਸਫ਼ਿਆਂ ਦਾ ਸੀ, ਪੂਰਾ ਵਿਸਥਾਰਪੂਰਵਕ ਹੋਣ ਦੇ ਬਾਵਜੂਦ ਸਤੰਬਰ 2023 ਨੂੰ ਸਰਕਾਰੀ ਦਰਾਜ ਵਿੱਚ ਬੰਦ ਹੋ ਗਿਆ। ਸਤੰਬਰ 2024 ਵਿੱਚ ਕਿਸਾਨਾਂ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਰੌਲਾ ਪਾਇਆ ਤਾਂ ਇਸ ਨੂੰ ਜਨਤਕ ਕੀਤਾ ਗਿਆ। ਨੀਤੀ ਵਿੱਚ ਕਿਹਾ ਗਿਆ ਕਿ ਐਮ. ਐਸ. ਪੀ. ਦਿਓ, ਉਸ ਲਈ 1000 ਕਰੋੜ ਦਾ ਫੰਡ ਰੱਖੋ, ਜੋ ਕੇਂਦਰ ਨਾਲ ਸਾਂਝਾ ਹੋਵੇ। ਇਸ ਦੇ ਨਾਲ ਹੀ ਇਸ ਰਿਪੋਰਟ ਵਿੱਚ ਮੰਡੀਕਰਨ ਅਤੇ ਖੋਜ ਲਈ ਐਨਾ ਵੱਡਾ ਬੁਨਿਆਦੀ ਢਾਂਚਾ ਉਸਾਰਨ ਦੀ ਲੋੜ ਦੱਸ ਦਿੱਤੀ ਗਈ, ਜਿਵੇਂ ਕਿ ਸਾਰਾ ਕੁਝ ਨਵੇਂ ਸਿਰੇ ਤੋਂ ਕਰਨਾ ਹੋਵੇ। ਇਸ ਰਿਪੋਰਟ ਨੇ ਸੂਬੇ ਦੇ ਵਿੱਤੀ ਹਾਲਾਤ ਨੂੰ ਧਿਆਨ ਵਿੱਚ ਨਹੀਂ ਰੱਖਿਆ। ਮੰਡੀਕਰਨ ਲਈ ਇਹ ਵੀ ਸੁਝਾਅ ਦਿੱਤਾ ਗਿਆ ਕਿ ਪਾਕਿਸਤਾਨ ਦਾ ਰੂਟ ਖੁਲ੍ਹਵਾਇਆ ਜਾਵੇ, ਜੋ ਸੂਬਾ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ। ਐਮ. ਐਸ. ਪੀ. ’ਤੇ ਖਰੀਦ ਕੇ ਸਰਕਾਰ ਨੇ ਮਾਲ ਵੇਚਣਾ ਕਿੱਥੇ ਹੈ, ਉਸ ਦਾ ਉਦੋਂ ਤੱਕ ਪਤਾ ਨਹੀਂ ਲੱਗਣਾ ਸੀ, ਜਦੋਂ ਤੱਕ ਕਿ ਨਵੇਂ ਮਹਿਕਮੇ ਬਣ ਕੇ ਸਥਾਪਤ ਨਹੀਂ ਹੋਣੇ ਸਨ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 2023 ਵਿੱਚ ਇੱਕ ਵਿਦੇਸ਼ੀ ਕੰਪਨੀ ਬੋਸਟਨ ਕੰਸਲਟੈਂਸੀ ਗਰੁੱਪ ਨੂੰ 5.32 ਕਰੋੜ ਦਿੱਤਾ, ਖੇਤੀ ਨੀਤੀ ਤਿਆਰ ਕਰਨ ਲਈ, ਜਿਸ ਦੀ ਪਹਿਲੀ ਰਿਪੋਰਟ ਦਸੰਬਰ 2023 ਵਿੱਚ ਆਉਣੀ ਸੀ। ਜੋ ਅੱਜ ਤੱਕ ਨਹੀਂ ਆਈ ਜਾਂ ਫਿਰ ਜਨਤਕ ਰਾਹੀਂ ਕੀਤੀ ਗਈ।

## ਸੁਪਰੀਮ ਕੋਰਟ ਦੀ ਕਮੇਟੀ

ਸੁਪਰੀਮ ਕੋਰਟ ਨੇ ਵੀ 2022 ਵਿੱਚ ਇੱਕ ਕਮੇਟੀ ਬਣਾਈ ਸੀ, ਜਿਸ ਨੇ ਐਮ. ਐਸ. ਪੀ. ’ਤੇ ਕਾਨੂੰਨ ਬਣੇ ਜਾਂ ਨਾ, ਇਸ ਬਾਰੇ ਰਿਪੋਰਟ ਦੇਣੀ ਸੀ, ਜਿਸ ਦਾ ਅੱਜ ਤੱਕ ਪਤਾ ਨਹੀਂ ਲੱਗਾ। ਇਸ ਕਮੇਟੀ ਵਿੱਚ ਜਿਹੜੇ ਅਰਥ ਸ਼ਾਸਤਰੀ ਤੇ ਖੇਤੀ ਮਾਹਰਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਰਿਪੋਰਟ ਸਾਹਮਣੇ ਕਿਉਂ ਨਹੀਂ ਆ ਰਹੀ।

## ਨਿਚੋੜ

ਕੁੱਲ ਮਿਲਾ ਕੇ ਗੱਲ ਕੀ ਸਭ ਮੁੱਖ ਮੰਤਰੀ ਇਹ ਜਾਣਦੇ ਹਨ ਕਿ ਖੇਤੀ ਤੋਂ ਬਿਨਾਂ ਪੰਜਾਬ ਦੇ ਪੱਲੇ ਕੁੱਝ ਨਹੀਂ ਅਤੇ ਖੇਤੀ ਇਸ ਸਮੇਂ ਗੰਭੀਰ ਸੰਕਟ ਵਿੱਚ ਹੈ। ਮਨਸ਼ਾ ਭਾਵੇਂ ਸਹੀ ਹੋਵੇ ਪਰ ਜੁਰਅਤ ਨਹੀਂ ਕਿ ਵੋਟ ਨੀਤੀ ਤੋਂ ਹਟ ਕੇ ਥੋੜ੍ਹਾ ਪੰਜਾਬ ਅਤੇ ਲੋਕਾਂ ਦੇ ਲੰਮੇ ਸਮੇਂ ਦੇ ਭਲੇ ਲਈ ਕੋਈ ਨੀਤੀ ਬਣਾਈ ਜਾਵੇ, ਜਿਸ ਨਾਲ ਕਿਸਾਨਾਂ ਤੇ ਸਰਕਾਰ ਦੋਵੇਂ ਹੀ ਜੇਤੂ ਦਿਖਾਈ ਦੇਣ। ਇੱਕ ਗੱਲ ਹੋਰ ਵੇਖਣ ਨੂੰ ਆਈ ਹੈ ਕਿ ਸਰਕਾਰਾਂ ਤੇ ਮੁੱਖ ਮੰਤਰੀ ਕਮੇਟੀ ਬਣਾਉਣ ਜਾਂ ਸਲਾਹ ਲੈਣ ਸਮੇਂ ਸੀਮਤ ਖੇਤੀ ਮਾਹਰਾਂ ਤੱਕ ਹੀ ਪਹੁੰਚ ਕਰਦੇ ਹਨ, ਇਸੇ ਕਰਕੇ ਨਵੀਂ ਸੋਚ ਕਿਸੇ ਵੀ ਰਿਪੋਰਟ ਵਿੱਚ ਨਹੀਂ, ਜੋ ਮੌਜੂਦਾ ਵਿੱਤੀ ਹਾਲਾਤ ਵਿੱਚ ਲਾਗੂ ਹੋ ਸਕੇ। ਸਲਾਹ ਮਸ਼ਵਰਾ ਲੈਣ ਸਮੇਂ ਵਧੇਰੇ ਮਾਹਿਰਾਂ ਨਾਲ ਸੰਪਰਕ ਕੀਤਾ ਜਾਣਾ ਚਾਹੀਦਾ ਹੈ।

# ਫੈਲਦੇ ਬਾਜ਼ਾਰ ਵਿੱਚ ਅਸੁਰੱਖਿਅਤ ਹੁੰਦਾ ਜਾ ਰਿਹਾ ਕਿਸਾਨ

ਸੁਸ਼ੀਲ ਦੁਸਾਂਝ
ਮੋ. 98887-99870

ਦੁਨੀਆ ਦੇ ਨਕਸ਼ੇ 'ਤੇ ਬਣੇ ਮੁਲਕ ਕਿਸੇ ਵੀ ਵਪਾਰੀ ਲਈ ਸਿਰਫ਼ ਮੰਡੀਆਂ ਦਾ ਵਿਸਥਾਰ ਹੁੰਦੇ ਹਨ। ਜਿੱਥੇ ਕਰੋੜਾਂ ਖ਼ਪਤਕਾਰ ਹੋਣ, ਜਿੱਥੇ ਖ਼ਰੀਦਣ ਦੀ ਸਮਰੱਥਾ ਵਧ ਰਹੀ ਹੋਵੇ ਅਤੇ ਜਿੱਥੇ ਸਰਹੱਦਾਂ ਨਾਲੋਂ ਵੱਧ ਬਾਜ਼ਾਰ ਖੁੱਲ੍ਹ ਰਹੇ ਹੋਣ, ਉੱਥੇ ਹਰ ਵੱਡੀ ਵਪਾਰਕ ਤਾਕਤ ਆਪਣੇ ਪੈਰ ਪਸਾਰਨਾ ਚਾਹੁੰਦੀ ਹੈ। ਭਾਰਤ ਅੱਜ ਅਜਿਹੀ ਹੀ ਵਿਸ਼ਾਲ ਮੰਡੀ ਬਣ ਚੁੱਕਾ ਹੈ। ਇਸ ਲਈ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਹੋ ਰਹੀ ਚਰਚਾ ਨੂੰ ਕੇਵਲ ਦੋ ਦੇਸ਼ਾਂ ਵਿਚਾਲੇ ਹੋਣ ਵਾਲੇ ਕਪਾਹ ਦੀ ਘਟਨਾ ਸਮਝਣਾ ਵੱਡੀ ਭੁੱਲ ਹੋਵੇਗੀ। ਇਹ ਉਸ ਦਿਸ਼ਾ ਦਾ ਸੰਕੇਤ ਹੈ ਜਿਸ ਵੱਲ ਸਾਡੀ ਖੇਤੀ, ਸਾਡੇ ਬਾਜ਼ਾਰ ਅਤੇ ਸਾਡੀ ਖ਼ੁਰਾਕ ਪ੍ਰਣਾਲੀ ਨੂੰ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਸਵਾਲ ਹੈ ਕਿ ਵਪਾਰ ਦੀਆਂ ਸ਼ਰਤਾਂ ਕੌਣ ਤੈਅ ਕਰਦਾ ਹੈ, ਲਾਭ ਕਿਸ ਦੀ ਝੋਲੀ ਪੈਂਦਾ ਹੈ ਤੇ ਕੀਮਤ ਕੌਣ ਚੁਕਾਉਂਦਾ ਹੈ। ਜਦੋਂ ਇੱਕ ਪਾਸੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਕਾਰਪੋਰੇਟ ਕੰਪਨੀਆਂ ਹੋਣ ਤੇ ਦੂਜੇ ਪਾਸੇ ਦੋ, ਤਿੰਨ ਜਾਂ ਪੰਜ ਏਕੜ ਜ਼ਮੀਨ ਵਾਲਾ ਕਿਸਾਨ, ਉਦੋਂ ਮੁਕਾਬਲਾ ਨਹੀਂ ਹੁੰਦਾ, ਸਿਰਫ਼ ਤਾਕਤ ਦੀ ਬੇਰੋਕ ਡੂੰਘੀ ਖਾਈ ਹੁੰਦੀ ਹੈ। ਕਾਗਜ਼ਾਂ 'ਤੇ ਇਸ ਨੂੰ ਮੁਕਤ ਬਾਜ਼ਾਰ ਕਿਹਾ ਜਾਂਦਾ ਹੈ, ਪਰ ਅਮਲ ਵਿੱਚ ਇਹ ਵੱਡੇ ਨੂੰ ਹੋਰ ਵੱਡਾ ਅਤੇ ਛੋਟੇ ਨੂੰ ਹੋਰ ਕਮਜ਼ੋਰ ਕਰਨ ਦੀ ਪ੍ਰਕਿਰਿਆ ਬਣ ਜਾਂਦੀ ਹੈ।

ਇਹ ਚਿੰਤਾ ਸਿਰਫ਼ ਪੰਜਾਬ ਦੀ ਨਹੀਂ ਹੈ। ਦੇਸ਼ ਦੀਆਂ ਅਨੇਕਾਂ ਕਿਸਾਨ ਜੱਥੇਬੰਦੀਆਂ ਲਗਾਤਾਰ ਸਵਾਲ ਉਠਾ ਰਹੀਆਂ ਹਨ ਕਿ ਜੇ ਵਪਾਰ ਸਮਝੌਤਿਆਂ ਤਹਿਤ ਖੇਤੀ ਉਤਪਾਦਾਂ 'ਤੇ ਦਰਾਮਦੀ ਟੈਕਸ ਘਟਾਏ ਜਾਂਦੇ ਹਨ ਤਾਂ ਭਾਰੀ ਸਬਸਿਡੀਆਂ ਨਾਲ ਤਿਆਰ ਹੋਇਆ ਸਸਤਾ ਵਿਦੇਸ਼ੀ ਮਾਲ ਭਾਰਤੀ ਮੰਡੀ ਵਿੱਚ ਦਾਖ਼ਲ ਹੋਵੇਗਾ। ਅਜਿਹੇ ਹਾਲਾਤ ਵਿੱਚ ਪਹਿਲਾ ਝਟਕਾ ਉਸ ਕਿਸਾਨ ਨੂੰ ਲੱਗੇਗਾ, ਜਿਸ ਦੀ ਲਾਗਤ ਪਹਿਲਾਂ ਹੀ ਵਧ ਚੁੱਕੀ ਹੈ, ਜਿਸ ਦੀ ਆਮਦਨ ਅਸਥਿਰ ਹੈ ਅਤੇ ਜੋ ਕਰਜ਼ੇ ਦੇ ਬੋਝ ਹੇਠ ਜੀਅ ਰਿਹਾ ਹੈ। ਜੇ ਬਾਜ਼ਾਰ ਵਿੱਚ ਉਸ ਦੀ ਫ਼ਸਲ ਦਾ ਭਾਅ ਹੀ ਡਿੱਗ ਜਾਵੇ; ਤਾਂ ਉਸ ਕੋਲ ਬਚੇਗਾ ਕੀ ? ਇਹ ਸਮਝਣਾ ਵੀ ਜ਼ਰੂਰੀ ਹੈ ਕਿ ਖੇਤੀ ਸਿਰਫ਼ ਇੱਕ ਕਾਰੋਬਾਰ ਨਹੀਂ ਹੈ। ਜਦੋਂ ਖੇਤੀ ਕਮਜ਼ੋਰ ਹੁੰਦੀ ਹੈ ਤਾਂ ਪਿੰਡਾਂ ਦੀ ਅਰਥਵਿਵਸਥਾ, ਰੁਜ਼ਗਾਰ, ਸਮਾਜਿਕ ਸੰਤੁਲਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ, ਸਭ ਇਕੱਠੇ ਪ੍ਰਭਾਵਿਤ ਹੁੰਦੇ ਹਨ। ਇਸ ਲਈ ਇਹ ਬਹਿਸ ਕਿਸੇ ਇੱਕ ਸਮਝੌਤੇ ਦੀ ਨਹੀਂ, ਉਸ ਵਿਕਾਸ ਮਾਡਲ ਦੀ ਹੈ, ਜਿਸ ਵਿੱਚ ਹਰ ਚੀਜ਼ ਨੂੰ ਬਾਜ਼ਾਰ ਦੀ ਕਸੌਟੀ 'ਤੇ ਤੋਲਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਉੱਠ ਰਹੀ ਚਿੰਤਾ ਨੂੰ ਕੇਵਲ ਸਿਆਸੀ ਵਿਰੋਧ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਇਸ ਨੂੰ ਭਾਰਤੀ ਖੇਤੀ, ਪਿੰਡਾਂ ਦੀ ਅਰਥਵਿਵਸਥਾ, ਖ਼ੁਰਾਕ ਸੁਰੱਖਿਆ ਅਤੇ ਦੇਸ਼ ਦੇ ਭਵਿੱਖ ਦੇ ਵੱਡੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਭਾਰਤੀ ਖੇਤੀ ਹੌਲੀ-ਹੌਲੀ ਉਸ ਦਿਸ਼ਾ ਵੱਲ ਧੱਕੀ ਜਾ ਰਹੀ ਹੈ, ਜਿੱਥੇ ਕਿਸਾਨ ਦੀ ਥਾਂ ਬਾਜ਼ਾਰ ਨੂੰ ਅਤੇ ਬਾਜ਼ਾਰ ਦੀ ਥਾਂ ਕਾਰਪੋਰੇਟ ਹਿੱਤਾਂ ਨੂੰ ਕੇਂਦਰ ਵਿੱਚ ਰੱਖਿਆ ਜਾ ਰਿਹਾ ਹੈ। ਕਦੇ ਵਿਸ਼ਵ ਵਪਾਰ ਸੰਸਥਾ ਦੇ ਨਾਂਅ 'ਤੇ, ਕਦੇ ਆਰਥਿਕ ਸੁਧਾਰਾਂ ਦੇ ਨਾਂਅ 'ਤੇ ਅਤੇ ਕਦੇ ਮੁਕਤ ਵਪਾਰ ਸਮਝੌਤਿਆਂ ਦੇ ਨਾਂਅ 'ਤੇ ਇਹ ਦਲੀਲ ਦਿੱਤੀ ਜਾਂਦੀ ਰਹੀ ਹੈ ਕਿ ਖੁੱਲ੍ਹਾ ਬਾਜ਼ਾਰ ਹੀ ਖੁਸ਼ਹਾਲੀ ਦਾ ਰਾਹ ਹੈ, ਪਰ ਸਵਾਲ ਇਹ ਹੈ ਕਿ ਖੁਸ਼ਹਾਲ ਕੌਣ ਹੋਵੇਗਾ ?

ਦਿੱਲੀ ਦੀਆਂ ਸਰਹੱਦਾਂ 'ਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਇੱਕ ਸਾਲ ਤੋਂ ਵੱਧ ਚੱਲਿਆ ਕਿਸਾਨ ਅੰਦੋਲਨ ਅਸਲ ਵਿੱਚ ਇਸੇ ਚਿੰਤਾ ਦਾ ਪ੍ਰਗਟਾਵਾ ਸੀ, ਜਿਸ ਨੂੰ ਸਿਰਫ਼ ਤਿੰਨ ਕਾਨੂੰਨਾਂ ਤੱਕ ਸੀਮਤ ਕਰਕੇ ਨਹੀਂ ਸਮਝਿਆ ਜਾ ਸਕਦਾ। ਕਿਸਾਨਾਂ ਨੂੰ ਡਰ ਸੀ ਕਿ ਜੇ ਖੇਤੀ ਤੇ ਅਨਾਜ ਦੀ ਖ਼ਰੀਦ-ਵੇਚ ਦਾ ਕੰਟਰੋਲ ਹੌਲੀ-ਹੌਲੀ ਵੱਡੀਆਂ ਕੰਪਨੀਆਂ ਦੇ ਹੱਥਾਂ ਵਿੱਚ ਚਲਾ ਗਿਆ ਤਾਂ ਇੱਕ ਦਿਨ ਸਰਕਾਰੀ ਖ਼ਰੀਦ, ਮੰਡੀਆਂ ਅਤੇ ਘੱਟੋ-ਘੱਟ ਸਹਾਇਕ ਮੁੱਲ ਸਿਰਫ਼ ਇਤਿਹਾਸ ਦੀਆਂ ਗੱਲਾਂ ਬਣ ਕੇ ਰਹਿ ਜਾਣਗੀਆਂ। ਲਗਭਗ 700 ਤੋਂ ਵੱਧ ਕਿਸਾਨਾਂ ਦੀਆਂ ਸ਼ਹਾਦਤਾਂ ਪਿੱਛੋਂ ਉਹ ਕਾਨੂੰਨ ਰੱਦ ਹੋ ਗਏ, ਪਰ ਕਿਸਾਨਾਂ ਦੀ ਚਿੰਤਾ ਖ਼ਤਮ ਨਹੀਂ ਹੋਈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹੀ ਨੀਤੀਆਂ ਹੁਣ ਹੋਰ ਰੂਪਾਂ ਵਿੱਚ ਅੱਗੇ ਵਧਾਈਆਂ ਜਾ ਰਹੀਆਂ ਹਨ। ਇਸ ਲਈ ਜਦੋਂ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਗੱਲ ਹੁੰਦੀ ਹੈ ਤਾਂ ਕਿਸਾਨ ਇਸ ਨੂੰ ਉਸੇ ਲੜੀ ਦੀ ਅਗਲੀ ਕੜੀ ਵਜੋਂ ਦੇਖਦੇ ਹਨ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬਾਜ਼ਾਰ ਕਦੇ ਖ਼ਾਲੀ ਨਹੀਂ ਰਹਿੰਦਾ। ਜਿੱਥੇ ਛੋਟਾ ਉਤਪਾਦਕ ਪਿੱਛੇ ਹਟਦਾ ਹੈ, ਉੱਥੇ ਵੱਡੀ ਕੰਪਨੀ ਆਪਣੀ ਥਾਂ ਬਣਾ ਲੈਂਦੀ ਹੈ। ਸੰਸਾਰ ਦੀਆਂ ਸਭ ਤੋਂ ਸ਼ਾਤਰ ਲੁਟੇਰੀਆਂ ਧਿਰਾਂ ਉਹੀ ਬਹੁਰਾਸ਼ਟਰੀ ਕੰਪਨੀਆਂ ਹਨ ਜੋ ਸਿਰਫ਼ ਵਸਤੂਆਂ ਨਹੀਂ ਵੇਚਦੀਆਂ, ਉਹ ਜੀਵਨ-ਢੰਗ ਵੇਚਦੀਆਂ ਹਨ, ਲੋੜਾਂ ਪੈਦਾ ਕਰਦੀਆਂ ਹਨ ਅਤੇ ਹੌਲੀ-ਹੌਲੀ ਪੂਰੇ ਬਾਜ਼ਾਰ ਦੀ ਦਿਸ਼ਾ ਤੈਅ ਕਰਨ ਲੱਗ ਪੈਂਦੀਆਂ ਹਨ। ਜਦੋਂ ਬੀਜ ਤੋਂ ਲੈ ਕੇ ਖਾਦ, ਕੀਟਨਾਸ਼ਕ, ਪ੍ਰੋਸੈਸਿੰਗ, ਭੰਡਾਰਨ ਅਤੇ ਵਿਕਰੀ ਤੱਕ ਸਭ ਕੁਝ ਗਿਣੀਆਂ-ਚੁਣੀਆਂ ਕੰਪਨੀਆਂ ਦੇ ਹੱਥਾਂ ਵਿੱਚ ਆ ਜਾਵੇ ਤਾਂ ਕਿਸਾਨ ਆਪਣੀ ਹੀ ਜ਼ਮੀਨ 'ਤੇ ਆਜ਼ਾਦ ਉਤਪਾਦਕ ਨਹੀਂ ਰਹਿੰਦਾ, ਉਹ ਇੱਕ ਨਿਰਭਰ ਉਤਪਾਦਕ ਬਣ ਜਾਂਦਾ ਹੈ।

ਸਭ ਤੋਂ ਵੱਡੀ ਚਿੰਤਾ ਖ਼ੁਰਾਕ ਸੁਰੱਖਿਆ ਦੀ ਹੈ। ਜਿਸ ਦੇਸ਼ ਦੀ ਖੇਤੀ ਕਮਜ਼ੋਰ ਹੋ ਜਾਂਦੀ ਹੈ, ਉਹ ਹੌਲੀ-ਹੌਲੀ ਆਪਣੀ ਖ਼ੁਰਾਕ ਲਈ ਵੀ ਦੂਜਿਆਂ 'ਤੇ ਨਿਰਭਰ ਹੋਣ ਲੱਗਦਾ ਹੈ। ਇਤਿਹਾਸ ਗਵਾਹ ਹੈ ਕਿ ਜਿਹੜੇ ਮੁਲਕ ਆਪਣੀ ਖੇਤੀ ਦੀ ਰਾਖੀ ਨਹੀਂ ਕਰ ਸਕੇ, ਉਨ੍ਹਾਂ ਨੂੰ ਇੱਕ ਸਮਾਂ ਅਜਿਹਾ ਵੀ ਦੇਖਣਾ ਪਿਆ ਜਦੋਂ ਅਨਾਜ ਦੀ ਕੂਟਨੀਤੀ ਦਾ ਹਥਿਆਰ ਬਣ ਗਿਆ। ਇਸ ਲਈ ਇਹ ਬਹਿਸ ਸਿਰਫ਼ ਮੱਕੀ, ਸੋਇਆਬੀਨ ਜਾਂ ਡੇਅਰੀ ਉਤਪਾਦਾਂ ਦੀ ਨਹੀਂ, ਇਹ ਦੇਸ਼ ਦੀ ਖ਼ੁਰਾਕੀ ਪ੍ਰਭੂਸੱਤਾ ਦੀ ਬਹਿਸ ਵੀ ਹੈ। ਇਸੇ ਕਰਕੇ ਕਿਸਾਨ ਜਥੇਬੰਦੀਆਂ ਕਹਿੰਦੀਆਂ ਆ ਰਹੀਆਂ ਹਨ ਕਿ ਕਿਸੇ ਵੀ ਅੰਤਰਰਾਸ਼ਟਰੀ ਵਪਾਰ ਸਮਝੌਤੇ ਤੋਂ ਪਹਿਲਾਂ ਸੰਸਦ, ਰਾਜਾਂ, ਖੇਤੀ ਮਾਹਿਰਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਖੁੱਲ੍ਹੀ ਅਤੇ ਪਾਰਦਰਸ਼ੀ ਚਰਚਾ ਹੋਣੀ ਚਾਹੀਦੀ ਹੈ। ਅਸਲ ਸਵਾਲ ਇਹ ਨਹੀਂ ਕਿ ਅਮਰੀਕਾ ਨਾਲ ਵਪਾਰ ਹੋਣਾ ਚਾਹੀਦਾ ਹੈ ਜਾਂ ਨਹੀਂ। ਵਪਾਰ ਹਰ ਦੇਸ਼ ਕਰਦਾ ਹੈ ਤੇ ਭਾਰਤ ਨੂੰ ਵੀ ਕਰਨਾ ਚਾਹੀਦਾ ਹੈ। ਮੁੱਖ ਸਵਾਲ ਇਹ ਹੈ ਕਿ, ਕੀ ਅਸੀਂ ਆਪਣੇ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਅਜਿਹੇ ਮੁਕਾਬਲੇ ਵਿੱਚ ਧੱਕ ਰਹੇ ਹਾਂ, ਜਿੱਥੇ ਉਨ੍ਹਾਂ ਦੀ ਹਾਰ ਪਹਿਲਾਂ ਹੀ ਲਿਖੀ ਜਾ ਚੁੱਕੀ ਹੈ ? ਜੇ ਮੁਕਾਬਲੇ ਦੇ ਇੱਕ ਪਾਸੇ ਸਰਕਾਰੀ ਸਹਾਇਤਾ, ਵਿਸ਼ਾਲ ਪੂੰਜੀ, ਆਧੁਨਿਕ ਢਾਂਚਾ ਤੇ ਬਹੁਰਾਸ਼ਟਰੀ ਕੰਪਨੀਆਂ ਹੋਣ ਅਤੇ ਦੂਜੇ ਪਾਸੇ ਕਰਜ਼ੇ, ਵਧਦੀ ਲਾਗਤ ਤੇ ਅਨਿਸ਼ਚਿਤ ਆਮਦਨ ਨਾਲ ਜੂਝਦਾ ਕਿਸਾਨ, ਤਾਂ ਇਸ ਨੂੰ ਮੁਕਤ ਬਾਜ਼ਾਰ ਨਹੀਂ, ਇੱਕ-ਪਾਸੜ ਮੁਕਾਬਲਾ ਹੀ ਕਿਹਾ ਜਾ ਸਕਦਾ ਹੈ। ਵਿਕਾਸ ਦਾ ਅਰਥ ਇਹ ਨਹੀਂ ਹੋ ਸਕਦਾ ਕਿ ਪਿੰਡ ਹੌਲੀ-ਹੌਲੀ ਉੱਜੜ ਜਾਣ, ਖੇਤ ਸਿਰਫ਼ ਵੱਡੇ ਕਾਰੋਬਾਰਾਂ ਲਈ ਉਤਪਾਦਨ ਕੇਂਦਰ ਬਣ ਜਾਣ ਅਤੇ ਕਿਸਾਨ ਆਪਣੀ ਹੀ ਧਰਤੀ 'ਤੇ ਬੇਗਾਨਾ ਹੋ ਜਾਵੇ। ਅੱਜ ਵੀ ਪੰਜਾਬ ਦੇ ਅਨੇਕਾਂ ਪਿੰਡਾਂ ਵਿੱਚ ਇਹ ਫ਼ਿਕਰ ਗੂੰਜਦਾ ਹੈ ਕਿ ਖੇਤੀ ਤੋਂ ਗੁਜ਼ਾਰਾ ਮੁਸ਼ਕਿਲ ਹੈ, ਨੌਜਵਾਨ ਪਿੰਡ ਛੱਡ ਰਹੇ ਹਨ, ਛੋਟੀਆਂ ਜੋਤਾਂ ਲਗਾਤਾਰ ਸੁੰਗੜ ਰਹੀਆਂ ਹਨ ਅਤੇ ਖੇਤੀ ਲਾਗਤ ਆਮਦਨ ਮੁਕਾਬਲੇ ਤੇਜ਼ੀ ਨਾਲ ਵੱਧ ਰਹੀ ਹੈ। ਅਜਿਹੇ ਵੇਲੇ ਜੇ ਨੀਤੀਆਂ ਵੀ ਕਿਸਾਨ ਦੇ ਭਰੋਸੇ ਨੂੰ ਕਮਜ਼ੋਰ ਕਰਨ ਤਾਂ ਸੰਕਟ ਹੋਰ ਡੂੰਘਾ ਹੋ ਜਾਂਦਾ ਹੈ। ਸੰਸਾਰੀਕਰਨ ਦੇ ਇਸ ਦੌਰ ਵਿੱਚ ਸਿਰਫ਼ ਖੇਤ ਹੀ ਦਾਅ 'ਤੇ ਨਹੀਂ, ਸਗੋਂ ਬੀਜ, ਪਾਣੀ, ਮਿੱਟੀ, ਖ਼ੁਰਾਕ ਤੇ ਮਨੁੱਖ ਦੀ ਆਰਥਿਕ ਆਜ਼ਾਦੀ ਵੀ ਦਾਅ ਤੇ ਲੱਗੀ ਹੋਈ ਹੈ। ਇਸ ਲਈ ਇਹ ਲੜਾਈ ਕਿਸੇ ਇੱਕ ਵਪਾਰ ਸਮਝੌਤੇ ਦੀ ਨਹੀਂ, ਸਗੋਂ ਉਸ ਸੋਚ ਦੀ ਹੈ, ਜੋ ਹਰ ਜਨਤਕ ਸਰੋਤ ਨੂੰ ਬਾਜ਼ਾਰ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ।

ਜੇ ਭਾਰਤੀ ਖੇਤੀ ਨੂੰ ਸੱਚਮੁੱਚ ਮਜ਼ਬੂਤ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਕਿਸਾਨ ਨੂੰ ਸੁਰੱਖਿਆ ਫ਼ਸਲ ਦਾ ਵਾਜ਼ਬ ਭਾਅ, ਸਰਕਾਰੀ ਖ਼ਰੀਦ ਦੀ ਭਰੋਸੇਯੋਗ ਪ੍ਰਣਾਲੀ, ਖੋਜ, ਸਿੰਚਾਈ, ਸਹਿਕਾਰੀ ਢਾਂਚੇ ਤੇ ਪਿੰਡਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਾਲੀਆਂ ਨੀਤੀਆਂ ਦੀ ਲੋੜ ਹੈ। ਵਿਸ਼ਵ ਵਪਾਰ ਨਾਲ ਜੁੜਨ ਲਈ ਆਪਣੇ ਕਿਸਾਨਾਂ ਨੂੰ ਕੁਰਬਾਨ ਨਹੀਂ ਕੀਤਾ ਜਾ ਸਕਦਾ। ਸਾਨੂੰ ਇਹ ਫ਼ੈਸਲਾ ਕਰਨਾ ਹੀ ਪਵੇਗਾ ਕਿ ਅਸੀ ਸਿਰਫ਼ ਖੁੱਲ੍ਹਦੇ ਬਾਜ਼ਾਰਾਂ ਦਾ ਦੇਸ਼ ਬਣਨਾ ਚਾਹੁੰਦੇ ਹਾਂ ਜਾਂ ਤਾਂ ਫਿਰ ਅਜਿਹਾ ਦੇਸ਼ ਜਿੱਥੇ ਕਿਸਾਨ ਵੀ ਸੁਰੱਖਿਅਤ ਹੋਣ, ਖੇਤੀ ਵੀ ਸਨਮਾਨ ਨਾਲ ਜਿਉਂਦੀ ਰਹੇ ਅਤੇ ਹਰ ਨਾਗਰਿਕ ਦੀ ਥਾਲੀ ਵਿੱਚ ਪਹੁੰਚਣ ਵਾਲੀ ਰੋਟੀ ਦਾ ਭਰੋਸਾ ਵੀ ਕਾਇਮ ਰਹੇ। ਬਾਜ਼ਾਰਾਂ ਦੀ ਕਾਮਯਾਬੀ ਦਾ ਅਸਲ ਪੈਮਾਨਾ ਇਹ ਨਹੀਂ ਕਿ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ੇ ਕਿੰਨੇ ਵਧੇ ਹਨ, ਅਸਲ ਪੈਮਾਨਾ ਇਹ ਹੈ ਕਿ ਖੇਤਾਂ ਵਿੱਚ ਖੜ੍ਹਾ ਕਿਸਾਨ ਕਿੰਨਾ ਸੁਰੱਖਿਅਤ ਹੈ, ਕਿਉਂਕਿ ਜਦੋਂ ਖੇਤਾਂ ਨੂੰ ਬਾਜ਼ਾਰ ਚਿੰਬੜਦੇ ਹਨ ਤਾਂ ਕਿਸਾਨ ਨਹੀਂ ਹਾਰਦਾ, ਉਸ ਹਾਰ ਵਿੱਚ ਪਿੰਡ ਵੀ ਸ਼ਾਮਿਲ ਹੁੰਦੇ ਹਨ, ਸ਼ਹਿਰ ਵੀ, ਅਰਥਵਿਵਸਥਾ ਵੀ ਅਤੇ ਉਹ ਸਮਾਜ ਵੀ ਜੋ ਇਹ ਭੁੱਲ ਬੈਠਦਾ ਹੈ ਕਿ ਰੋਟੀ ਕਿਸੇ ਕਾਰਪੋਰੇਟ ਬੋਰਡ ਰੂਮ ਵਿੱਚ ਨਹੀਂ, ਸਗੋਂ ਕਿਸਾਨ ਦੇ ਖੇਤ ਵਿੱਚ ਪੈਦਾ ਹੁੰਦੀ ਹੈ।

(ਲੇਖਕ ਸਾਹਿਤਕ ਰਸਾਲੇ 'ਹੁਣ' ਦੇ ਸੰਪਾਦਕ ਹਨ)

# ਨਿੰਬੂ-ਜਾਤੀ ਦੇ ਬੂਟਿਆਂ ਵਿੱਚ ਗੂੰਦੀਆਂ ਰੋਗ ਦੀ ਸੁਚੱਜੀ ਰੋਕਥਾਮ

ਨਿੰਬੂ-ਜਾਤੀ ਦੇ ਬੂਟਿਆਂ ਦੀ ਵਿਚ ਗੂੰਦੀਆਂ ਰੋਗ ਇਕ ਗੰਭੀਰ ਸਮੱਸਿਆ ਹੈ। ਭਾਰੀਆਂ ਅਤੇ ਸੇਮ ਵਾਲੀਆਂ ਜ਼ਮੀਨਾਂ (ਜਿੱਥੇ ਪਾਣੀ ਦੀ ਸਤਹਿ ਨੇੜੇ ਹੋਵੇ) ਵਿਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ। ਇਸ ਉੱਲੀ ਦੇ ਕਣ ਜ਼ਮੀਨ ਵਿਚ ਪਾਏ ਜਾਂਦੇ ਹਨ, ਜਿਸ ਕਾਰਨ ਇਹ ਉੱਲੀ ਜ਼ਮੀਨ ਦੇ ਅੰਦਰ-ਅੰਦਰ ਹੀ ਖ਼ੁਰਾਕੀ ਜੜ੍ਹਾਂ ਨੂੰ ਖ਼ਤਮ ਕਰ ਦਿੰਦੀ ਹੈ। ਬਾਗ ਵਿਚ ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖ਼ੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਨਾ ਅਤੇ ਫ਼ਲ ਦਾ ਗਾਲਾ ਆਦਿ ਲੱਛਣ ਨਜ਼ਰ ਆਉਂਦੇ ਹਨ। ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ। ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫ਼ੁੱਲ ਆਉਂਦੇ ਹਨ, ਜੋ ਫ਼ਲ ਦੇ ਬਨਣ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਫ਼ਲ ਦੇ ਪੱਕਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

**ਰੋਕਥਾਮ :**

**ਸਾਵਧਾਨੀਆਂ :** ਬਾਗ ਲਗਾਉਣ ਲਈ ਬੂਟੇ ਰੋਗ ਰਹਿਤ ਨਰਸਰੀ ਤੋਂ ਲਉ। ਬੂਟੇ ਲਗਾਉਣ ਸਮੇਂ ਉਸਦੀ ਪਿਉਂਦੀ ਅੱਖ ਨੂੰ ਜ਼ਮੀਨ ਤੋਂ 9 ਇੰਚ ਉੱਚਾ ਰੱਖੋ। ਖੁੱਲ੍ਹਾ ਪਾਣੀ ਲਗਾਉਣ ਤੋਂ ਗੁਰੇਜ਼ ਕਰੋ। ਪਾਣੀ ਦੇ ਨਿਕਾਸ ਦਾ ਚੰਗਾ ਪ੍ਰਬੰਧ ਕਰੋ। ਸਿੰਚਾਈ ਸਮੇਂ ਰੋਗੀ ਬੂਟੇ ਨੂੰ ਵੱਟਾਂ ਬਣਾ ਕੇ ਪਾਣੀ ਲਗਾਓ ਤਾਂ ਕਿ ਪਾਣੀ ਰਾਹੀਂ ਬਿਮਾਰੀ ਇਸ ਤੋਂ ਅੱਗੇ ਨਾ ਫ਼ੈਲ ਸਕੇ। ਬੂਟੇ ਦੇ ਘੇਰੇ ਨੂੰ ਸਾਫ਼ ਰੱਖੋ। ਬਾਗ ਵਿੱਚ ਕੰਮ-ਕਾਰ ਕਰਦੇ ਸਮੇਂ ਤਣੇ ਤੇ ਜੜ੍ਹਾਂ ਨੂੰ ਜ਼ਖ਼ਮੀ ਹੋਣ ਤੋਂ ਬਚਾਉ। ਤਣੇ ਦੇ ਆਲੇ-ਦੁਆਲੇ ਮਿੱਟੀ ਨਾ ਚੜ੍ਹਾਉ। ਜੇ ਬੂਟੇ ਦਾ ਤਣਾ ਅੱਧ ਨਾਲੋਂ ਜ਼ਿਆਦਾ ਗਲ ਗਿਆ ਹੋਵੇ ਤਾਂ ਬੂਟੇ ਨੂੰ ਪੁੱਟਣ ਵਿੱਚ ਹੀ ਫਾਇਦਾ ਹੈ।



**ਇਲਾਜ :** ਬੂਟੇ ਨੂੰ ਇਲਾਜ ਕਰਨ ਲਈ ਇਹ ਜ਼ਰੂਰੀ ਹੈ ਕਿ ਬਿਮਾਰੀ ਵਾਲੇ ਹਿੱਸੇ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖ਼ੁਰਚ ਦਿਉ। ਜ਼ਖ਼ਮ ਨੂੰ ਕਿਰਮ ਰਹਿਤ ਘੋਲ ਨਾਲ ਸਾਫ਼ ਕਰੋ। ਉਤਾਰੀ ਹੋਈ ਰੋਗੀ ਛਿੱਲ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਉ ਤਾਂ ਜੋ ਉੱਲੀ ਜ਼ਮੀਨ ਵਿਚ ਫ਼ੈਲ ਨਾ ਸਕੇ। ਸਾਫ਼ ਕੀਤੇ ਜ਼ਖ਼ਮਾਂ ਤੇ 2 ਗ੍ਰਾਮ ਕਰਜ਼ੇਟ ਐਮ-8 ਨੂੰ 100 ਮਿਲੀਲੀਟਰ ਅਲਸੀ ਦੇ ਤੇਲ ਵਿਚ ਘੋਲ ਕੇ ਜ਼ਖ਼ਮਾਂ ਤੇ ਮਲ ਦਿਉ। ਅਗਸਤ ਮਹੀਨੇ ਵਿੱਚ ਫਿਰ 25 ਗ੍ਰਾਮ ਕਰਜ਼ੇਟ ਐਮ-8 ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਹਰ ਇੱਕ ਬੂਟੇ ਦੇ ਤਣੇ ਦੇ ਚਾਰ ਚੁਫ਼ੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰ ਦਿਉ। ਇਸ ਤੋਂ ਇਲਾਵਾ ਇਸੇ ਮਹੀਨੇ ਵਿਚ ਬੂਟਿਆਂ ਦੀਆਂ ਮੁੱਢਾਂ ਅਤੇ ਛੱਤਰੀ ਹੇਠ ਸੋਡੀਹਾਈਪੋਕਲੋਰਾਈਟ 5% (50 ਮਿ. ਲਿ. 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ) ਦਾ ਛਿੜਕਾਅ ਅਤੇ ਇੱਕ ਹਫ਼ਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ (ਸਟਰੈਨ ਟੀ 20) 2.5 ਕਿੱਲੋ ਰੂੜੀ ਦੀ ਖਾਦ ਵਿੱਚ ਮਿਲਾ ਕੇ ਬੂਟਿਆਂ ਦੀਆਂ ਮੁੱਢਾਂ ਵਿਚ ਪਾਉਣ ਨਾਲ ਇਸ ਬਿਮਾਰੀ ਦੀ ਸੁਚੱਜੀ ਰੋਕਥਾਮ ਕੀਤੀ ਜਾ ਸਕਦੀ ਹੈ।

# ਪੰਜਾਬ ਦੀ ਖੇਤੀ ਜੜ੍ਹਤਾ ਅਤੇ ਆਉਣ ਵਾਲਾ ਸੰਕਟ

**ਟਿਊਬਵੈੱਲ ਸਿੰਚਾਈ ਨਾਲ ਖੇਤੀਬਾੜੀ ਫੀਡਰਾਂ ਨੂੰ ਕਾਨੂੰਨੀ ਤੌਰ 'ਤੇ ਦਿੱਤੀ ਗਈ ਰੋਜ਼ਾਨਾ ਅੱਠ ਘੰਟੇ ਦੀ ਨਿਰੰਤਰ ਬਿਜਲੀ ਸਪਲਾਈ ਦੀ ਗਾਰੰਟੀ ਨੂੰ ਪੂਰਾ ਕਰਨ ਲਈ ਪਾਵਰਕੌਮ ਕੋਲ ਦੂਜੇ ਖੇਤਰਾਂ ਦੀ ਸਪਲਾਈ ਕੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਸ਼ਹਿਰੀ ਖੇਤਰਾਂ ਵਿੱਚ ਲੰਮੇ ਅਤੇ ਅਣਐਲਾਨੇ ਬਲੈਕਆਊਟ ਹੁੰਦੇ ਹਨ।**



ਹਰਵਿੰਦਰ ਸਿੰਘ,
ਲੋਕ ਪ੍ਰਸ਼ਾਸਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
(ਮੋ. 73407-55383)

ਜਦੋਂ ਗਰਮੀਆਂ ਦਾ ਕਹਿਰ ਉੱਤਰੀ ਭਾਰਤ ਨੂੰ ਆਪਣੀ ਗ੍ਰਿਫਤ ਵਿੱਚ ਲੈਂਦਾ ਹੈ ਤਾਂ ਪੰਜਾਬ ਇੱਕ ਜਾਣੇ-ਪਛਾਣੇ ਅਤੇ ਅਸੰਤੁਲਿਤ ਢਾਂਚਾਗਤ ਵਿਰੋਧਾਭਾਸ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਤਾਪਮਾਨ ਅਕਸਰ 45 ਡਿਗਰੀ ਸੈਂਟੀਗਰੇਡ ਨੂੰ ਪਾਰ ਕਰ ਜਾਂਦਾ ਹੈ, ਜਿਸ ਨਾਲ ਸੂਬੇ ਦਾ ਸਮਾਜਿਕ-ਆਰਥਿਕ ਤਾਣਾ-ਬਾਣਾ ਇੱਕ-ਇੱਕ ਸੀਮਿਤ ਸਰੋਤ ਬਿਜਲੀ ਦੀ ਵੰਡ ਨੂੰ ਲੈ ਕੇ ਇੱਕ ਤਰ੍ਹਾਂ ਜੰਗ ਦੇ ਮੈਦਾਨ ਵਿੱਚ ਬਦਲ ਜਾਂਦਾ ਹੈ। ਇੱਕ ਪਾਸੇ ਸ਼ਹਿਰੀ ਕੇਂਦਰ, ਪੇਂਡੂ ਘਰ ਅਤੇ ਲਘੂ ਤੇ ਦਰਮਿਆਨੇ ਉਦਯੋਗ ਬਿਨਾਂ ਕਿਸੇ ਅਗਾਊਂ ਸੂਚਨਾ ਤੋਂ ਲੱਭਣ ਵਾਲੇ ਭਾਰੀ ਬਿਜਲੀ ਕੱਟਾਂ ਦਾ ਸਾਹਮਣਾ ਕਰਦੇ ਹਨ, ਜਿਸ ਨਾਲ ਰੋਜ਼ਾਨਾ ਜੀਵਨ ਪੱਟੜੀ ਤੋਂ ਉੱਤਰ ਜਾਂਦਾ ਹੈ ਅਤੇ ਉਦਯੋਗਿਕ ਇਕਾਈਆਂ ਦਾ ਕੰਮ ਠੱਪ ਹੋ ਜਾਂਦਾ ਹੈ। ਦੂਜੇ ਪਾਸੇ ਸੂਬੇ ਦਾ ਖੇਤੀਬਾੜੀ ਖੇਤਰ ਝੋਨੇ ਦੀ ਲਵਾਈ ਲਈ ਸਿੰਚਾਈ ਟਿਊਬਵੈੱਲ ਦੇ ਵਿਸ਼ਾਲ ਨੈੱਟਵਰਕ ਨੂੰ ਚਲਾਉਣ ਵਾਸਤੇ ਨਿਰੰਤਰ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕਰਦਾ ਹੈ।

ਇਹ ਸਾਲਾਨਾ ਟਕਰਾਅ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮਹਿਜ਼ ਇੱਕ ਮੌਸਮੀ ਕਾਰਗੁਜ਼ਾਰੀ ਦੀ ਅਸਫ਼ਲਤਾ ਨਹੀਂ ਹੈ, ਸਗੋਂ ਇਹ ਡੂੰਘੇ ਨੀਤੀਗਤ ਜਾਲ ਨੂੰ ਦਰਸਾਉਂਦੀ ਇੱਕ ਅਜਿਹੀ ਖੇਡ ਹੈ, ਜਿੱਥੇ ਤੁਰੰਤ ਆਰਥਿਕ ਹਿੱਤਾਂ ਦੀ ਰਾਖੀ ਲੰਮੇ ਸਮੇਂ ਦੀ ਵਾਤਾਵਰਣਕ ਅਤੇ ਢਾਂਚਾਗਤ ਸਥਿਰਤਾ ਨਾਲ ਸਿੱਧਾ ਸਮਝੌਤਾ ਕਰਦੀ ਹੈ। ਪਾਵਰਕੌਮ ਦੇ ਰਿਕਾਰਡ ਬਿਆਨ ਕਰਦੇ ਹਨ ਕਿ ਝੋਨੇ ਦੇ ਸੀਜ਼ਨ ਦੇ ਸਿਖਰ ਦੌਰਾਨ ਸੂਬੇ ਵਿੱਚ ਬਿਜਲੀ ਦੀ ਕੁੱਲ ਮੰਗ ਲਗਭਗ 17,147 ਮੈਗਾਵਾਟ ਤੱਕ ਪਹੁੰਚ ਜਾਂਦੀ ਹੈ ਜਦੋਂਕਿ ਪੰਜਾਬ ਦੀ ਆਪਣੀ ਅੰਦਰੂਨੀ ਉਤਪਾਦਨ ਸਮਰੱਥਾ ਮਹਿਜ਼ 5,787 ਮੈਗਾਵਾਟ 'ਤੇ ਹੀ ਸਿਮਟ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ 11,359 ਮੈਗਾਵਾਟ ਦੇ ਵੱਡੇ ਘਾਟੇ ਨੂੰ ਪੂਰਾ ਕਰਨ ਲਈ ਸੂਬੇ ਨੂੰ ਪੂਰੀ ਤਰ੍ਹਾਂ ਕੇਂਦਰੀ ਗਰਿਡ ਅਤੇ ਭਾਰਤੀ ਸਰੋਤਾਂ ਤੋਂ ਮਹਿੰਗੇ ਭਾਅ 'ਤੇ ਬਿਜਲੀ ਖਰੀਦਣੀ ਪੈਂਦੀ ਹੈ, ਜੋ ਸਪਲਾਈ ਪ੍ਰਬੰਧਨ ਨੂੰ ਬੇਹੱਦ ਚੁਣੌਤੀਪੂਰਨ ਬਣਾ ਦਿੰਦਾ ਹੈ।

ਟਿਊਬਵੈੱਲ ਸਿੰਚਾਈ ਲਈ ਖੇਤੀਬਾੜੀ ਫੀਡਰਾਂ ਨੂੰ ਕਾਨੂੰਨੀ ਤੌਰ 'ਤੇ ਦਿੱਤੀ ਗਈ ਰੋਜ਼ਾਨਾ ਅੱਠ ਘੰਟੇ ਦੀ ਨਿਰੰਤਰ ਬਿਜਲੀ ਸਪਲਾਈ ਦੀ ਗਾਰੰਟੀ ਨੂੰ ਪੂਰਾ ਕਰਨ ਲਈ ਪਾਵਰਕੌਮ ਕੋਲ ਦੂਜੇ ਖੇਤਰਾਂ ਦੀ ਸਪਲਾਈ ਕੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਸ਼ਹਿਰੀ ਖੇਤਰਾਂ ਵਿੱਚ ਲੰਮੇ ਅਤੇ ਅਣ ਐਲਾਨੇ ਬਲੈਕਆਊਟ ਹੁੰਦੇ ਹਨ। ਬਿਜਲੀ ਦੀ ਇਹ ਢਾਂਚਾਗਤ ਤਰਜੀਹ ਅਸਲ ਵਿੱਚ ਉਦਯੋਗਿਕ ਅਤੇ ਘਰੇਲੂ ਖੇਤਰਾਂ ਤੋਂ ਸਰੋਤਾਂ ਦਾ ਇੱਕ ਵੱਡਾ ਮੌਸਮੀ ਤਬਾਦਲਾ ਹੈ, ਜੋ ਸਿਰਫ਼ ਵਧੇਰੇ ਪਾਣੀ ਦੀ ਖਪਤ ਕਰਨ ਵਾਲੀ ਫ਼ਸਲੀ ਆਰਥਿਕਤਾ ਨੂੰ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਇਹ ਨਾਜ਼ੁਕ ਸੰਤੁਲਨ ਉਸ ਸਮੇਂ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਜਦੋਂ ਮੌਨਸੂਨ ਦੇਰੀ ਨਾਲ ਆਉਂਦੀ ਹੈ। ਮੌਨਸੂਨ ਦੀ ਦੇਰੀ ਜਾਂ ਬੇਭਰੋਸਗੀ ਇੱਕ ਸਾਧਾਰਨ ਖੇਤੀਬਾੜੀ ਸਮਾਂ-ਸਾਰਣੀ ਨੂੰ ਇੱਕ ਗੰਭੀਰ ਆਰਥਿਕ ਸੰਕਟ ਵਿੱਚ ਬਦਲ ਦਿੰਦੀ ਹੈ। ਮੀਂਹ ਦੀ ਅਣਹੋਂਦ ਕਾਰਨ ਦੋ ਮੁਸ਼ਕਿਲਾਂ ਇੱਕੋ ਸਮੇਂ ਖੜ੍ਹੀਆਂ ਹੁੰਦੀਆਂ ਹਨ। ਇੱਕ, ਬਹੁਤ ਜ਼ਿਆਦਾ ਗਰਮੀ ਅਤੇ ਹੁੰਮਸ ਕਾਰਨ ਘਰੇਲੂ ਅਤੇ ਵਪਾਰਕ ਖਪਤਕਾਰਾਂ ਨੂੰ ਏਅਰ ਕੰਡੀਸ਼ਨਰ ਲਗਾਤਾਰ ਚਲਾਉਣੇ ਪੈਂਦੇ ਹਨ, ਜਿਸ ਨਾਲ ਸ਼ਹਿਰੀ ਖੇਤਰਾਂ ਦੀ ਬਿਜਲੀ ਦੀ ਬੁਨਿਆਦੀ ਮੰਗ ਬੇਤਹਾਸ਼ਾ ਵੱਧ ਜਾਂਦੀ ਹੈ। ਦੂਜਾ, ਸੁੱਕੇ ਖੇਤਾਂ ਵਿੱਚ ਖੜ੍ਹੇ ਪਾਣੀ ਦੇ ਉੱਡਣ ਦੀ ਦਰ ਕਈ ਗੁਣਾ ਵੱਧ ਜਾਂਦੀ ਹੈ। ਝੋਨੇ ਦੇ ਨਵੇਂ ਲਾਏ ਬੂਟਿਆਂ ਨੂੰ 48 ਘੰਟਿਆਂ ਦੇ ਅੰਦਰ ਸੁੱਕਣ ਅਤੇ ਨਸ਼ਟ ਹੋਣ ਤੋਂ ਬਚਾਉਣ ਲਈ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਇੱਕੋ ਸਮੇਂ ਅਤੇ ਲੰਮੇ ਸਮੇਂ ਲਈ ਚਲਾਉਣੇ ਪੈਂਦੇ ਹਨ। ਮੌਨਸੂਨ ਦੀ ਦੇਰੀ ਕੁਦਰਤ ਨੂੰ ਸਿੰਚਾਈ ਦੇ ਸਮੀਕਰਨ ਵਿੱਚੋਂ ਪੂਰੀ ਤਰ੍ਹਾਂ ਬਾਹਰ ਕਰਕੇ ਪੂਰਾ ਹਾਈਡ੍ਰੋਲੋਜੀਕਲ ਝੋਨਾ ਪਹਿਲਾਂ ਹੀ ਓਵਰਲੋਡ ਹੋਏ ਬਿਜਲੀ ਗਰਿਡ 'ਤੇ ਪਾ ਦਿੰਦੀ ਹੈ। ਜਦੋਂ ਸੂਬੇ ਦੇ ਸਾਰੇ 14 ਲੱਖ ਟਿਊਬਵੈੱਲ ਇੱਕੋ ਸਮੇਂ ਚੱਲਦੇ ਹਨ ਤਾਂ ਗਰਿਡ ਵਿੱਚ ਵੋਲਟੇਜ਼ ਦੀ ਅਸਥਿਰਤਾ ਅਤੇ ਸਥਾਨਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਦਾ ਹੈ। ਇਸ ਨਾਲ ਪੇਂਡੂ ਭਾਈਚਾਰਿਆਂ ਵਿੱਚ ਚਿੰਤਾ ਵਧਦੀ ਹੈ, ਜਿਸ ਨਾਲ ਪਾਵਰਕੌਮ ਦੇ ਦਫ਼ਤਰਾਂ ਅਤੇ ਸਬ-ਸਟੇਸ਼ਨਾਂ ਦੇ ਬਾਹਰ ਕਿਸਾਨਾਂ ਦੇ ਪ੍ਰਦਰਸ਼ਨ ਸ਼ੁਰੂ ਹੋ ਜਾਂਦੇ ਹਨ, ਜੋ ਬਿਜਲੀ ਪ੍ਰਬੰਧਨ ਦੀ ਸਿਆਸਤ ਨੂੰ ਹੋਰ ਗੁੰਝਲਦਾਰ ਬਣਾ ਦਿੰਦਾ ਹੈ।

ਪੰਜਾਬ ਸਰਕਾਰ ਇਨ੍ਹਾਂ ਕਮਜ਼ੋਰੀਆਂ ਤੋਂ ਅਣਜਾਣ ਨਹੀਂ ਹੈ। ਖ਼ਰੀਫ ਮੱਕੀ ਪ੍ਰੋਤਸ਼ਾਹਨ ਸਕੀਮ ਵਰਗੀਆਂ ਪਹਿਲ-ਕਦਮੀਆਂ ਰਾਹੀਂ ਕਿਸਾਨਾਂ ਨੂੰ ਵਿੱਤੀ ਰਿਆਇਤਾਂ ਅਤੇ ਸਬਸਿਡੀਆਂ (17,500 ਪ੍ਰਤੀ ਹੈਕਟੇਅਰ ਤੱਕ) ਦੇ ਕੇ ਪਾਣੀ ਦੀ ਵੱਧ ਖਪਤ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਮੱਕੀ ਦੀ ਕਾਸ਼ਤ ਹੇਠ ਰਕਬਾ ਮਹਿਜ਼ 66,000 ਹੈਕਟੇਅਰ ਦੇ ਆਸ-ਪਾਸ ਸਥਿਰ ਹੈ, ਜੋ ਕਿ ਸੂਬੇ ਦੇ 31 ਲੱਖ ਹੈਕਟੇਅਰ ਝੋਨੇ ਦੇ ਰਕਬੇ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੈ। ਫ਼ਸਲੀ ਵਿਭਿੰਨਤਾ ਦੀ ਇਹ ਅਸਫ਼ਲਤਾ ਕਿਸਾਨਾਂ ਵਿੱਚ ਵਾਤਾਵਰਣਕ ਜਾਗਰੂਕਤਾ ਦੀ ਘਾਟ ਕਾਰਨ ਨਹੀਂ ਸਗੋਂ ਸ਼ੁੱਧ ਆਰਥਿਕ ਤਰਕਸ਼ੀਲਤਾ ਦਾ ਨਤੀਜਾ ਹੈ। ਉਦਾਹਰਣ ਵਜੋਂ, ਪੰਜਾਬ ਦੀਆਂ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਦੀ ਲਗਪਗ 100 ਫ਼ੀਸਦੀ ਖ਼ਰੀਦ ਕੇਂਦਰੀ ਏਜੰਸੀਆਂ ਜਿਵੇਂ ਕਿ ਐੱਫਸੀਆਈ ਦੁਆਰਾ ਨਿਰਧਾਰਤ ਐੱਮ ਐੱਸ ਪੀ 'ਤੇ ਕੀਤੀ ਜਾਂਦੀ ਹੈ। ਇਹ ਕਿਸਾਨ ਨੂੰ ਪੂਰੀ ਕੀਮਤ ਦੀ ਨਿਸ਼ਚਿਤਤਾ ਅਤੇ ਜ਼ੀਰੋ ਮਾਰਕੀਟ ਜੋਖ਼ਮ ਪ੍ਰਦਾਨ ਕਰਦਾ ਹੈ। ਕੇਂਦਰ ਵੱਲੋਂ ਮੱਕੀ ਲਈ ਅਧਿਕਾਰਤ ਐੱਮ ਐੱਸ ਪੀ ਦਾ ਐਲਾਨ ਕੀਤਾ ਜਾਂਦਾ ਹੈ, ਪਰ ਲੋੜ ਹੈ ਸੂਬੇ ਵਿੱਚ ਬਦਲਵੀਆਂ ਫ਼ਸਲਾਂ ਲਈ ਪ੍ਰਭਾਵਸ਼ਾਲੀ ਸਰਕਾਰੀ ਖ਼ਰੀਦ ਢਾਂਚਾ ਕਾਇਮ ਕਰਨ ਦਾ। ਅਜਿਹੇ ਪ੍ਰਬੰਧ ਦੀ ਅਣਹੋਂਦ ਵਜੋਂ ਕਿਸਾਨ ਨਿੱਜੀ ਵਪਾਰੀਆਂ ਅਤੇ ਫੀਡ ਮਿੱਲ ਮਾਲਕਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਜਾਂਦੇ ਹਨ, ਜਿੱਥੇ ਮੱਕੀ ਦੀਆਂ ਅਸਲ ਬਜ਼ਾਰੀ ਕੀਮਤਾਂ ਅਕਸਰ ਅਧਿਕਾਰਤ ਐੱਮ ਐੱਸ ਪੀ ਤੇ ਕਾਫ਼ੀ ਹੇਠਾਂ ਡਿੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਮੱਕੀ ਦਾ ਝਾੜ ਝੋਨੇ ਦੇ ਮੁਕਾਬਲੇ ਪ੍ਰਤੀ ਏਕੜ ਵੀ ਘੱਟ ਹੁੰਦਾ ਹੈ। ਜਦੋਂ ਸਰਕਾਰੀ ਖਰੀਦ ਦੀ ਅਣਹੋਂਦ, ਘੱਟ ਝਾੜ ਅਤੇ ਬਜ਼ਾਰੀ ਕੀਮਤਾਂ ਦੀ ਅਸਥਿਰਤਾ ਨੂੰ ਇਕੱਠਾ ਵੇਖਿਆ ਜਾਵੇ ਤਾਂ ਇੱਕ ਆਮ ਕਿਸਾਨ ਲਈ ਇਹ ਵਿੱਤੀ ਜੋਖ਼ਮ ਅਸਹਿ ਹੋ ਜਾਂਦਾ ਹੈ।



ਇਸ ਨੀਤੀਗਤ ਜੜ੍ਹਤਾ ਦੇ ਲੰਮੇ ਸਮੇਂ ਦੇ ਨਤੀਜੇ ਸਿੱਧੇ ਤੌਰ 'ਤੇ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਭੁਗਤਣੇ ਪੈ ਰਹੇ ਹਨ। ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਸੂਬੇ ਦੀ ਮੁੱਖ ਫ਼ਸਲ (ਝੋਨਾ) ਅਤੇ ਤਜਵੀਜ਼ਤ ਬਦਲਵੀਂ ਫ਼ਸਲ (ਮੱਕੀ) ਵਿਚਕਾਰ ਸਰੋਤਾਂ ਦੀ ਖਪਤ ਦੇ ਵੱਡੇ ਪਾੜੇ ਨੂੰ ਦੇਖਣਾ ਜ਼ਰੂਰੀ ਹੈ। ਕੇਂਦਰੀ ਭੂ-ਜਲ ਬੋਰਡ ਦੇ ਅਧਿਕਾਰਤ ਅੰਕੜੇ ਭਾਰਤ ਵਿੱਚ ਪੰਜਾਬ ਦੇ ਗੰਭੀਰ ਜਲ ਸੰਕਟ ਦੀ ਹਕੀਕਤ ਨੂੰ ਪੇਸ਼ ਕਰਦੇ ਹਨ। ਰਿਪੋਰਟ ਮੁਤਾਬਿਕ ਪੰਜਾਬ ਵਿੱਚ ਭੂ-ਜਲ ਦੀ ਨਿਕਾਸੀ ਸਾਲਾਨਾ ਰੀਚਾਰਜ ਦੇ ਮੁਕਾਬਲੇ 156.36 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਜਿਸ ਕਾਰਨ ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹ ਸਥਿਤੀ ਗੁਆਂਢੀ ਸੂਬਿਆਂ ਜਿਵੇਂ ਕਿ ਰਾਜਸਥਾਨ (147.11 ਫ਼ੀਸਦੀ) ਅਤੇ ਹਰਿਆਣਾ (136.75 ਫ਼ੀਸਦੀ) ਨਾਲੋਂ ਵੀ ਕਿਤੇ ਵੱਧ ਚਿੰਤਾਜਨਕ ਹੈ। ਜਦੋਂ ਅਸੀਂ ਇਸ ਦੀ ਤੁਲਨਾ ਮਹਿਜ਼ 60.63 ਫ਼ੀਸਦੀ ਦੀ ਕੌਮੀ ਔਸਤ ਨਾਲ ਕਰਦੇ ਹਾਂ ਤਾਂ ਸਾਫ਼ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਪਾਣੀ ਦੀ ਕੁਦਰਤੀ ਪੂਰਤੀ ਨਾਲੋਂ ਉਸ ਦੀ ਖ਼ਪਤ ਇਸ ਕਦਰ ਅਸੰਤੁਲਿਤ ਰੂਪ ਧਾਰਨ ਕਰ ਚੁੱਕੀ ਹੈ।

ਪੰਜਾਬ ਦਾ ਮੌਜੂਦਾ ਖੇਤੀਬਾੜੀ ਮਾਡਲ ਵਾਤਾਵਰਣਕ ਤੌਰ 'ਤੇ ਦੀਵਾਲੀਆ ਹੋਣ ਕੰਢੇ ਹੈ। ਫ਼ਸਲੀ ਖਪਤ ਦਾ ਵਿਗਿਆਨਕ ਗਣਿਤ ਇਹ ਸਪੱਸ਼ਟ ਕਰਦਾ ਹੈ ਕਿ ਝੋਨੇ ਦੇ ਮੁਕਾਬਲੇ ਮੱਕੀ ਦੀ ਕਾਸ਼ਤ ਨਾਲ ਸਰੋਤਾਂ ਦੀ ਕਿੰਨੀ ਵੱਡੀ ਬੱਚਤ ਹੋ ਸਕਦੀ ਹੈ। ਜਿੱਥੇ ਇੱਕ ਕਿਲੋ ਝੋਨਾ ਪੈਦਾ ਕਰਨ ਲਈ 2,200 ਤੋਂ 2,600 ਲਿਟਰ ਪਾਣੀ ਦੀ ਖਪਤ ਹੁੰਦੀ ਹੈ, ਉੱਥੇ ਹੀ ਮੱਕੀ ਲਈ ਮਹਿਜ 550 ਤੋਂ 600 ਲਿਟਰ ਪਾਣੀ ਦੀ ਲੋੜ ਹੁੰਦੀ ਹੈ, ਜੋ ਪ੍ਰਤੀ ਕਿਲੋ ਪਾਣੀ ਦੀ ਖਪਤ ਵਿੱਚ ਸਿੱਧੀ 75 ਫ਼ੀਸਦੀ ਦੀ ਕਮੀ ਲਿਆਉਂਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਔਸਤ ਮਿਆਦ (140 ਦਿਨ) ਦੇ ਮੁਕਾਬਲੇ ਮੱਕੀ 100 ਦਿਨਾਂ ਵਿੱਚ ਪੱਕ ਜਾਂਦੀ ਹੈ, ਜਿਸ ਨਾਲ ਖੇਤ ਦੀ ਮਿਆਦ 40 ਦਿਨ ਘਟਦੀ ਹੈ। ਝੋਨੇ ਲਈ ਗਰਮੀ ਦੇ ਦਿਨਾਂ ਵਿੱਚ ਕੱਦੂ ਕਰਕੇ ਲਗਾਤਾਰ ਪਾਣੀ ਖੜ੍ਹਾ ਰੱਖਣਾ ਪੈਂਦਾ ਹੈ, ਜਿਸ ਨਾਲ ਵਾਸ਼ਪੀਕਰਨ ਬਹੁਤ ਹੁੰਦਾ ਹੈ ਜਦੋਂਕਿ ਮੱਕੀ ਵਿੱਚ ਸਿਰਫ਼ ਵੱਟਾਂ ਰਾਹੀਂ ਲੋੜ ਅਨੁਸਾਰ ਸਿੰਚਾਈ ਹੁੰਦੀ ਹੈ। ਇਸ ਬਦਲਾਅ ਦਾ ਸਿੱਧਾ ਅਸਰ ਬਿਜਲੀ ਗਰਿਡ 'ਤੇ ਪੈਂਦਾ ਹੈ, ਝੋਨੇ ਲਈ ਚੱਲਣ ਵਾਲੇ ਉੱਚ-ਹਾਰਸ ਪਾਵਰ ਦੇ ਡੂੰਘੇ ਸਬਮਰਸੀਬਲ ਪੰਪਾਂ ਦੀ ਥਾਂ ਘੱਟ ਹਾਰਸ ਪਾਵਰ ਦੇ ਸਤਹੀ ਪੰਪਾਂ ਦੀ ਵਰਤੋਂ ਪਾਵਰਕੌਮ ਦੀ ਰੋਜ਼ਾਨਾ ਦੀ ਖੇਤੀਬਾੜੀ ਬੇਸਲੋਡ ਮੰਗ ਨੂੰ ਭਾਰੀ ਮਾਤਰਾ ਵਿੱਚ ਘਟਾ ਸਕਦੀ ਹੈ, ਜੋ ਗਰਮੀਆਂ ਦੀ ਸਿਖਰਲੀ ਮੰਗ ਅਤੇ ਘਰੇਲੂ ਬਿਜਲੀ ਕੱਟਾਂ ਦੇ ਸੰਕਟ ਨੂੰ ਦੂਰ ਕਰੇਗਾ।

ਇਨ੍ਹਾਂ ਸਪੱਸ਼ਟ ਲਾਭਾਂ ਦੇ ਬਾਵਜੂਦ ਕਈ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ ਸਾਲਾਨਾ 0.5 ਤੋਂ 1 ਮੀਟਰ ਤੱਕ ਹੇਠਾਂ ਜਾ ਰਿਹਾ ਹੈ ਕਿਉਂਕਿ ਪੰਜਾਬ ਦੇ 73 ਫ਼ੀਸਦੀ ਝੋਨੇ ਦੇ ਖੇਤ ਟਿਊਬਵੈੱਲਾਂ 'ਤੇ ਨਿਰਭਰ ਹਨ। ਇਹ ਇੱਕ ਵਿਨਾਸ਼ਕਾਰੀ ਚੱਕਰ ਬਣਾਉਂਦਾ ਹੈ, ਪਾਣੀ ਦਾ ਪੱਧਰ ਡਿੱਗਣ ਨਾਲ ਕਿਸਾਨ ਹੋਰ ਡੂੰਘੇ, ਬੋਰ ਕਰਨ ਅਤੇ ਵੱਡੀਆਂ ਮੋਟਰਾਂ ਲਗਾਉਣ ਲਈ ਮਜ਼ਬੂਰ ਹੁੰਦੇ ਹਨ, ਜੋ ਮੁਫ਼ਤ ਅਤੇ ਸਬਸਿਡੀ ਵਾਲੀ ਬਿਜਲੀ ਦੀ ਵਧੇਰੇ ਖਪਤ ਕਰਦੀਆਂ ਹਨ। ਪਾਣੀ ਦੀ ਮਾਤਰਾ ਤੋਂ ਇਲਾਵਾ ਇਸ ਬੇਤਹਾਸ਼ਾ ਨਿਕਾਸੀ ਨੇ ਗੁਣਵੱਤਾ ਦਾ ਗੰਭੀਰ ਸੰਕਟ ਖੜ੍ਹਾ ਕੀਤਾ ਹੈ। ਕੇਂਦਰੀ ਭੂ-ਜਲ ਬੋਰਡ ਦੇ ਮੁਲਾਂਕਣਾਂ ਅਨੁਸਾਰ ਪੰਜਾਬ ਵਿੱਚ 53 ਫ਼ੀਸਦੀ ਤੋਂ ਵੱਧ ਭੂ-ਜਲ ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਸੀਮਾ (30 ਪਾਰਟਸ ਪ੍ਰਤੀ ਬਿਲੀਅਨ) ਤੋਂ ਵੱਧ ਹੈ, ਜੋ ਦੇਸ਼ ਵਿੱਚ ਸਭ ਤੋਂ ਉੱਚੀ ਤੀਬਰਤਾ ਹੈ। ਪੰਜਾਬ ਵਿੱਚ ਗਰਮੀ ਦੇ ਬਿਜਲੀ ਕੱਟ ਅਤੇ ਸੁੱਕ ਰਹੇ ਜਲ-ਸਰੋਤ ਇੱਕੋ ਢਾਂਚਾਗਤ ਸਮੱਸਿਆ ਦੇ ਲੱਛਣ ਹਨ: ਇੱਕ ਪੁਰਾਣਾ ਕਣਕ-ਝੋਨੇ ਦਾ ਫ਼ਸਲੀ ਚੱਕਰ ਜੋ ਆਪਣੀ ਆਰਥਿਕ ਉਪਯੋਗਤਾ ਪ੍ਰਤੀ ਕਰ ਚੁੱਕਾ ਹੈ।

ਇਸ ਸੰਕਟ ਨੂੰ ਸ਼ਹਿਰੀ ਸਹੂਲਤਾਂ ਬਨਾਮ ਖੇਤੀਬਾੜੀ ਦੀ ਲੋੜ ਦੇ ਟਕਰਾਅ ਵਜੋਂ ਦੇਖਣਾ ਗਲਤ ਹੈ। ਕਿਸਾਨ, ਖਪਤਕਾਰ ਅਤੇ ਬਿਜਲੀ ਅਧਿਕਾਰੀ ਸਾਰੇ ਇੱਕ ਨੁਕਸਦਾਰ ਪ੍ਰੋਤਸਾਹਨ ਢਾਂਚੇ ਦੇ ਅੰਦਰ ਰਹਿ ਕੇ ਫੈਸਲੇ ਰਹਿ ਰਹੇ ਹਨ। ਸੱਚੀ ਖੇਤੀਬਾੜੀ ਵਿਭਿੰਨਤਾ ਮਾਮੂਲੀ ਸਬਸਿਡੀਆਂ ਰਾਹੀਂ ਹਾਸਲ ਨਹੀਂ ਕੀਤੀ ਜਾ ਸਕਦੀ। ਇਸ ਤਾਲਾਬੰਦੀ ਨੂੰ ਤੋੜਨ ਲਈ ਪੰਜਾਬ ਨੂੰ ਅਜਿਹੇ ਢਾਂਚਾਗਤ ਬਦਲਾਅ ਦੀ ਲੋੜ ਹੈ, ਜੋ ਮੰਡੀਆਂ ਵਿੱਚ ਕਿਸਾਨਾਂ ਦੀ ਮਾਰਕੀਟ ਅਸੁਰੱਖਿਆ ਨੂੰ ਹੱਲ ਕਰੇ। ਇਸ ਲਈ ਕਾਨੂੰਨੀ ਜਾਂ ਤਿਕੋਣੀ ਕੰਟਰੈਕਟ ਫਾਰਮਿੰਗ ਦੀਆਂ ਗਾਰੰਟੀਆਂ (ਜੋ ਪ੍ਰੋਸੈਸਿੰਗ ਉਦਯੋਗ ਪ੍ਰਾਪਤ ਕਰਨ), ਮੱਕੀ ਅਤੇ ਦਾਲਾਂ ਵਰਗੇ ਪਾਣੀ ਬਚਾਉਣ ਵਾਲੇ ਬਦਲਾਂ ਲਈ ਸਰਕਾਰੀ ਖਰੀਦ ਨੂੰ ਸੰਸਥਾਗਤ ਰੂਪ ਦੇਣਾ ਅਤੇ ਨਹਿਰੀ ਸਿੰਚਾਈ ਢਾਂਚੇ ਦੇ ਪੁਨਰ-ਸੁਰਜੀਤੀ ਕਾਰਜਾਂ ਵਿੱਚ ਤੇਜ਼ੀ ਲਿਆਉਣਾ ਲਾਜ਼ਮੀ ਹੈ। ਜਦੋਂ ਤੱਕ ਬਦਲਵੀਆਂ ਫ਼ਸਲਾਂ ਦੇ ਬਾਜ਼ਾਰੀ ਜੋਖਮ ਨੂੰ ਖ਼ਤਮ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੰਜਾਬ ਹੀਟ ਵੇਵ, ਬਲੈਕਆਊਟ ਅਤੇ ਡਿੱਗਦੇ ਪਾਣੀ ਦੇ ਪੱਧਰ ਦੇ ਮੌਸਮੀ ਚੱਕਰ ਵਿੱਚ ਫਸਿਆ ਰਹੇਗਾ, ਜਿਸ ਦੀ ਕੀਮਤ ਅਸੀਂ ਅੱਜ ਦੀ ਖੇਤੀਬਾੜੀ ਭਰਪੂਰਤਾ ਬਦਲੇ ਭਲਕੇ ਦੇ ਵਾਤਾਵਰਣਕ ਦੀਵਾਲੀਏਪਣ ਨਾਲ ਚੁਕਾਵਾਂਗੇ।




**ਫਲ ਲੰਬੇ ਸਮੇਂ ਦੀ ਫਸਲ ਹੁੰਦੀ ਹੈ, ਇਹ ਕਿੱਤਾ ਨਾ ਸਿਰਫ ਮਹਿੰਗਾ ਹੁੰਦਾ ਹੈ, ਸਗੋਂ ਵੱਖ-ਵੱਖ ਕਿਸਮਾਂ ਵਿਚ 3-6 ਸਾਲਾਂ ਵਿਚ ਫਲ ਆਉਣ ਦਾ ਸਮਾਂ ਹੋਣ ਕਰਕੇ ਇਨ੍ਹਾਂ ਨੂੰ ਲਗਾਉਣ ਲਈ ਸਮੁੱਚੀ ਵਿਉਂਤਬੰਦੀ ਦੀ ਲੋੜ ਹੁੰਦੀ ਹੈ ਤਾਂ ਕਿ ਬਾਅਦ ਵਿਚ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਦੀ ਕਾਮਯਾਬੀ ਲਈ ਉਸ ਵਿਚ ਜਲਵਾਯੂ ਤੇ ਜ਼ਮੀਨ ਦੇ ਅਨੁਕੂਲ ਹੀ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ।**

ਡਾ. ਸੁਖਦੀਪ ਸਿੰਘ ਹੁੰਦਲ

ਫਲ ਨਾ ਸਿਰਫ ਸਿਹਤ ਨੂੰ ਤੰਦਰੁਸਤ ਰੱਖਣ ਲਈ ਜ਼ਰੂਰੀ ਖੁਰਾਕੀ ਤੱਤ ਜਿਵੇਂ ਕਿ ਕੈਲਸ਼ੀਅਮ, ਫਾਸਫੋਰਸ, ਖਣਿਜ, ਵਿਟਾਮਿਨ, ਧਾਤਾਂ ਆਦਿ ਮੁਹੱਈਆ ਕਰਵਾਉਂਦੇ ਹਨ ਉੱਥੇ ਵਧੀਆ ਆਮਦਨ ਦਾ ਸੋਮਾ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਕੰਮ ਵੀ ਕਰਦੇ ਹਨ। ਫਲ ਲੰਬੇ ਸਮੇਂ ਦੀ ਫਸਲ ਹੁੰਦੀ ਹੈ, ਇਹ ਕਿੱਤਾ ਨਾ ਸਿਰਫ ਮਹਿੰਗਾ ਹੁੰਦਾ ਹੈ, ਸਗੋਂ ਵੱਖ-ਵੱਖ ਕਿਸਮਾਂ ਵਿਚ 3-6 ਸਾਲਾਂ ਵਿਚ ਫਲ ਆਉਣ ਦਾ ਸਮਾਂ ਹੋਣ ਕਰਕੇ ਇਨ੍ਹਾਂ ਨੂੰ ਲਗਾਉਣ ਲਈ ਸਮੁੱਚੀ ਵਿਉਂਤਬੰਦੀ ਦੀ ਲੋੜ ਹੁੰਦੀ ਹੈ ਤਾਂ ਕਿ ਬਾਅਦ ਵਿਚ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਨ੍ਹਾਂ ਦੀ ਕਾਮਯਾਬੀ ਲਈ ਉਸ ਵਿਚ ਜਲਵਾਯੂ ਤੇ ਜ਼ਮੀਨ ਦੇ ਅਨੁਕੂਲ ਹੀ ਫਲਦਾਰ ਬੂਟੇ ਲਗਾਉਣੇ ਚਾਹੀਦੇ ਹਨ। ਇਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਸਮੁੱਚੇ ਪੰਜਾਬ ਨੂੰ ਪੰਜ ਇਲਾਕਿਆਂ ਵਿਚ ਵੰਡਿਆ ਗਿਆ ਹੈ ਅਤੇ ਦਿੱਤੇ ਚਾਰਟ ਅਨੁਸਾਰ ਫਲਦਾਰ ਬੂਟਿਆਂ ਦੀ ਸਿਫਾਰਸ਼ ਕੀਤੀ ਗਈ ਹੈ।

**ਸਿਫਾਰਸ਼ ਕੀਤੇ ਫਲਦਾਰ ਬੂਟੇ**

**ਨੀਮ ਪਹਾੜੀ ਇਲਾਕਾ** (ਕੰਢੀ ਇਲਾਕੇ ਤੋਂ ਬਿਨਾਂ)

ਜ਼ਿਲ੍ਹਾ ਰੂਪ ਨਗਰ, ਹੁਸ਼ਿਆਰਪੁਰ, ਪਠਾਨਕੋਟ, ਸ਼ਹੀਦ ਭਗਤ ਸਿੰਘ ਨਗਰ ਦੀ ਬਲਾਚੌਰ ਤਹਿਸੀਲ, ਗੁਰਦਾਸਪੁਰ (ਬਟਾਲਾ ਤਹਿਸੀਲ ਤੋਂ ਬਿਨਾਂ), ਫਤਹਿਗੜ੍ਹ ਸਾਹਿਬ ਦਾ ਬੱਸੀ ਪਠਾਣਾ ਬਲਾਕ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਕੇਂਦਰੀ ਪ੍ਰਦੇਸ਼ ਚੰਡੀਗੜ੍ਹ।

**ਮੁੱਖ ਫਲ** : ਅੰਬ, ਲੀਚੀ, ਕਿੰਨੂ, ਹੋਰ ਸੰਗਤਰੇ, ਨਾਸ਼ਪਾਤੀ, ਅਮਰੂਦ, ਆੜੂ, ਚੀਕੂ, ਆਮਲਾ, ਅਲੂਚਾ।

**ਘੱਟ ਮਹੱਤਤਾ ਦੇ ਫਲ** : ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ ਅਤੇ ਲੁਕਾਠ

**ਕੇਂਦਰੀ ਇਲਾਕਾ** : ਜ਼ਿਲ੍ਹਾ ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਗੁਰਦਾਸਪੁਰ ਦੀ ਬਟਾਲਾ ਤਹਿਸੀਲ, ਪਟਿਆਲਾ, ਮੋਗਾ, ਫਤਹਿਗੜ੍ਹ ਸਾਹਿਬ (ਬਿਨਾਂ ਬਲਾਚੌਰ ਤਹਿਸੀਲ), ਬਰਨਾਲਾ, ਸੰਗਰੂਰ (ਬਿਨਾਂ ਸੁਨਾਮ ਤਹਿਸੀਲ), ਫਿਰੋਜ਼ਪੁਰ ਜ਼ਿਲ੍ਹੇ ਦੀ ਫਿਰੋਜ਼ਪੁਰ ਤੇ ਜ਼ੀਰਾ ਤਹਿਸੀਲ)

**ਮੁੱਖ ਫਲ** : ਨਾਸ਼ਪਾਤੀ, ਅਮਰੂਦ, ਆੜੂ, ਅਲੂਚਾ।

**ਘੱਟ ਮਹੱਤਤਾ ਦੇ ਫਲ** : ਅੰਗੂਰ, ਅੰਬ, ਕਿੰਨੂ, ਆਮਲਾ, ਹੋਰ ਸੰਗਤਰੇ, ਬੇਰ, ਮਾਲਟਾ, ਕਾਗਜ਼ੀ ਨਿੰਬੂ ਅਤੇ ਬਾਰਾਮਾਸੀ ਨਿੰਬੂ। ਕੇਲਾ ਬਿਨਾਂ, ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਾ।

**ਸੇਂਜੂ ਖੁਸ਼ਕ ਇਲਾਕਾ** : ਜ਼ਿਲ੍ਹਾ ਬਠਿੰਡਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ (ਫਿਰੋਜ਼ਪੁਰ ਤੇ ਜ਼ੀਰਾ ਤਹਿਸੀਲ ਛੱਡ ਕੇ), ਫਾਜ਼ਿਲਕਾ ਅਤੇ ਸੰਗਰੂਰ ਜ਼ਿਲ੍ਹੇ ਦੀ ਸੁਨਾਮ ਤਹਿਸੀਲ।

**ਮੁੱਖ ਫਲ** : ਕਿੰਨੂ, ਹੋਰ ਸੰਗਤਰੇ, ਮਾਲਟਾ, ਬੇਰ, ਅਮਰੂਦ, ਆਂਵਲਾ।

**ਘੱਟ ਮਹੱਤਤਾ ਦੇ ਫਲ** : ਗਰੇਪ ਫਰੂਟ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ, ਨਾਸ਼ਪਾਤੀ, ਆੜੂ, ਅਲੂਚਾ, ਆਂਵਲਾ, ਅਨਾਰ, ਖਜੂਰ, ਕੇਲਾ ਮੁਕਤਸਰ ਅਤੇ ਫਰੀਦਕੋਟ ਨੂੰ ਛੱਡ ਕੇ ਜਿੱਥੇ ਮਿੱਟੀ ਦੀ ਪੀ. ਐਚ. 8.5 ਤੋਂ ਘੱਟ ਹੋਵੇ।

**ਖਾਸ ਇਲਾਕੇ**

**(ੳ) ਕੰਢੀ ਦਾ ਇਲਾਕਾ**

**ਮੁੱਖ ਫਲ** : ਬੇਰ, ਅਮਰੂਦ, ਆਂਵਲਾ, ਅੰਬ, ਗਲਗਲ।

**ਘੱਟ ਮਹੱਤਤਾ ਦੇ ਫਲ** : ਕਿੰਨੂ, ਹੋਰ ਸੰਗਤਰੇ, ਕਾਗਜ਼ੀ ਨਿੰਬੂ, ਬਾਰਾਮਾਸੀ ਨਿੰਬੂ।

**(ਅ) ਬੇਟ ਦਾ ਇਲਾਕਾ**

**ਮੁੱਖ ਫਲ** : ਨਾਸ਼ਪਾਤੀ, ਅਮਰੂਦ, ਕੇਲਾ, ਅਲੂਚਾ, ਬੇਰ।

**ਘੱਟ ਮਹੱਤਤਾ ਦੇ ਫਲ** : ਫਾਲਸਾ


**ਜ਼ਮੀਨ** : ਫਲਦਾਰ ਬੂਟੇ ਲਗਾਉਣ ਲਈ ਜ਼ਮੀਨ ਡੂੰਘੀ, ਪਾਣੀ ਦੇ ਚੰਗੇ ਨਿਕਾਸ ਵਾਲੀ, ਦਰਮਿਆਨੀ ਭਾਰੀ ਅਤੇ ਉਪਜਾਊ ਹੋਣੀ ਚਾਹੀਦੀ ਹੈ। ਇਹ ਜ਼ਮੀਨ ਸੇਮ, ਲੂਣੀ ਜਾਂ ਤੇਜ਼ਾਬੀ ਨਹੀਂ ਹੋਣੀ ਚਾਹੀਦੀ। ਇਸ ਦੇ ਪਾਣੀ ਦਾ ਪੱਧਰ ਵੀ ਡੂੰਘਾ ਅਤੇ ਉੱਪਰਲੇ ਦੋ ਮੀਟਰ ਵਿਚ ਰੋੜ ਨਹੀਂ ਹੋਣੀ ਚਾਹੀਦਾ। ਇਸ ਦੀ ਪੀ ਐਚ ਨਿੰਬੂ ਜਾਤੀ ਅਤੇ ਆੜੂ ਲਈ 8.5 ਤੋਂ ਘੱਟ ਅਤੇ ਦੂਜੇ ਫਲਦਾਰ ਬੂਟਿਆਂ ਲਈ ਉੱਪਰਲੇ ਦੋ ਫੁੱਟ ਤੱਕ 8.7 ਤੱਕ ਅਤੇ ਹੇਠਾਂ 9.0 ਤੱਕ ਵੀ ਹੋ ਸਕਦੀ ਹੈ।

**ਮਿੱਟੀ ਪਰਖ** : ਫਲਦਾਰ ਬੂਟੇ ਖਾਸ ਕਰਕੇ ਬਾਗ ਲਗਾਉਣ ਤੋਂ ਪਹਿਲਾਂ ਮਿੱਟੀ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ ਅਤੇ ਇਸ ਲਈ ਜ਼ਮੀਨ ਦੀ ਦੋ ਮੀਟਰ ਡੂੰਘਾਈ ਤੱਕ ਸੱਤ ਤਹਿਆਂ ਵਿਚੋਂ ਅੱਧਾ-ਅੱਧਾ ਕਿਲੋ ਮਿੱਟੀ ਦਾ ਨਮੂਨਾ ਇਸ ਢੰਗ ਨਾਲ ਲਵੋ ਕਿ ਪਹਿਲੇ ਦੋ ਨਮੂਨੇ 15-15 ਸੈਂਟੀਮੀਟਰ ਦੀ ਡੂੰਘਾਈ ਤੋਂ ਬਾਕੀ ਚਾਰ ਨਮੂਨੇ 30-30 ਸੈਂਟੀਮੀਟਰ ਦੀ ਡੂੰਘਾਈ ਤੋਂ ਅਤੇ ਅਖੀਰਲਾ ਨਮੂਨਾ 50 ਸੈਂਟੀਮੀਟਰ ਦੀ ਤਹਿ ਤੋਂ 150 ਤੋਂ 200 ਸੈਂਟੀਮੀਟਰ ਤੋਂ ਲਵੋ। ਨਮੂਨੇ ਲੋਹੇ ਦੀ ਬੋਕੀ, ਆਗਰ ਜਾਂ ਟੋਆ ਪੁੱਟ ਕੇ ਲਏ ਜਾ ਸਕਦੇ ਹਨ। ਜੇਕਰ ਕੋਈ ਸਖਤ ਜਾਂ ਪਥਰੀਲੀ ਤਹਿ ਆ ਜਾਵੇ ਤਾਂ ਉਸ ਦੀ ਡੂੰਘਾਈ ਤੇ ਮੋਟਾਈ ਵੇਖ ਕੇ ਵੱਖਰਾ ਨਮੂਨਾ ਲੈ ਲਵੋ। ਹਰ ਨਮੂਨੇ ਨੂੰ ਵੱਖਰੀ ਥੈਲੀ ਵਿਚ ਪਾ ਕੇ ਉਸ ਉੱਪਰ ਡੂੰਘਾਈ ਦੀ ਤਹਿ ਅਤੇ ਖੇਤ ਦੀ ਨਿਸ਼ਾਨੀ ਲਿਖ ਦਿਓ। ਇਹ ਨਮੂਨੇ ਨੇੜੇ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਭੇਜ ਦਿਓ ਅਤੇ ਇਸਦੀ ਰਿਪੋਰਟ ਆਉਣ ਤੋਂ ਬਾਅਦ ਹੀ ਜਾਂ ਜੇਕਰ ਪਹਿਲਾਂ ਕਰਵਾਈ ਹੈ ਤਾਂ ਸਿਫਾਰਿਸ਼ ਮੁਤਾਬਿਕ ਬਾਗ ਲਗਾਉਣ ਦੀ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ।

**ਵਿਉਂਤਬੰਦੀ** : ਮਿੱਟੀ ਪਰਖ ਦੀ ਰਿਪੋਰਟ ਦੇ ਅਧਾਰ 'ਤੇ ਜਿਸ ਤਰ੍ਹਾਂ ਦੇ ਫਲਦਾਰ ਬੂਟੇ ਉਸ ਜ਼ਮੀਨ 'ਚ ਅਨੁਕੂਲ ਹੋਣ, ਉਸ ਅਨੁਸਾਰ ਹੀ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਨਿਸ਼ਾਨਦੇਹੀ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਫਲ ਦੀ ਕਿਸਮ ਮੁਤਾਬਿਕ ਢੁੱਕਵੇਂ ਫਾਸਲੇ 'ਤੇ ਨਿਸ਼ਾਨ ਲਗਾ ਕੇ ਬਾਅਦ ਵਿਚ ਟੋਏ ਪੁੱਟਣ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਹਰ ਬੂਟੇ ਲਈ ਇਕ ਮੀਟਰ ਡੂੰਘੇ ਤੇ ਇਕ ਮੀਟਰ ਘੇਰੇ ਵਾਲੇ ਟੋਏ ਪੁੱਟ ਕੇ ਇਨ੍ਹਾਂ ਵਿਚ ਉਪਰਲੀ ਮਿੱਟੀ ਅਤੇ ਦੇਸੀ ਰੂੜੀ ਬਰਾਬਰ ਮਾਤਰਾ ਵਿਚ ਪਾ ਕੇ ਟੋਏ ਜ਼ਮੀਨ ਤੋਂ ਥੋੜ੍ਹਾ ਉੱਚੇ ਭਰ ਦੇਣੇ ਚਾਹੀਦੇ ਹਨ। ਇਹ ਸਾਰਾ ਕੰਮ ਅੱਧ ਜੁਲਾਈ ਤੋਂ ਪਹਿਲਾਂ ਕਰ ਦੇਣਾ ਚਾਹੀਦਾ ਹੈ ਤੇ ਇੱਕ-ਦੋ ਬਰਸਾਤਾਂ ਤੋਂ ਬਾਅਦ ਟੋਏ ਵਿਚ ਫਲਦਾਰ ਬੂਟੇ ਲਾ ਦੇਣੇ ਚਾਹੀਦੇ ਹਨ।

ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਅਮਰੂਦ, ਲੀਚੀ, ਲੁਕਾਠ, ਪਪੀਤਾ, ਚੀਕੂ, ਖਜੂਰ, ਆਂਵਲਾ, ਬਿੱਲ ਆਦਿ ਜੁਲਾਈ ਤੋਂ ਲੈ ਕੇ ਅੱਧ ਅਕਤੂਬਰ ਤੱਕ ਲਾ ਦੇਣੇ ਚਾਹੀਦੇ ਹਨ। ਇਸ ਲਈ ਸਿਹਤਮੰਦ, ਪਿਉਂਦੀ, ਬਿਮਾਰੀ/ਕੀੜੇ ਰਹਿਤ ਫਲਦਾਰ ਬੂਟੇ ਬਾਗਬਾਨੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਮਾਨਤਾ ਪ੍ਰਾਪਤ ਨਰਸਰੀਆਂ ਤੋਂ ਹੀ ਲੈਣੇ ਚਾਹੀਦੇ ਹਨ।

**ਕੀੜਿਆਂ ਅਤੇ ਰੋਗਾਂ ਤੋਂ ਬਚਾਅ** : ਕੀਟ ਨਾਸ਼ਕ ਅਤੇ ਉੱਲੀ ਨਾਸ਼ਕਾਂ ਦੀ ਵਰਤੋਂ ਲੋੜ ਅਨੁਸਾਰ ਸਮੇਂ ਸਿਰ ਕਰੋ। ਘਰ ਦੀ ਵਰਤੋਂ ਲਈ ਲਗਾਈ ਬਗੀਚੀ ਵਿਚ ਇਨ੍ਹਾਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ। ਬਰਸਾਤਾਂ ਵਿਚ ਉੱਲੀ ਨਾਸ਼ਕ ਰੋਗਾਂ ਦੀ ਰੋਕਥਾਮ ਲਈ 2 ਕਿਲੋ ਨੀਲਾ ਥੋਥਾ (ਕਾਪਰ ਸਲਫੇਟ), 2 ਕਿਲੋ ਅਣਬੁਝਿਆ ਚੂਨਾ ਨੂੰ 250 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ। ਕੀੜਿਆਂ ਦੀ ਰੋਕਥਾਮ ਲਈ ਨਿੰਮ ਦੇ ਘੋਲ ਦਾ ਛਿੜਕਾਓ ਕਰੋ। ਫਲ ਦੀ ਮੱਖੀ ਦੀ ਰੋਕਥਾਮ ਲਈ ਪੀ.ਏ.ਯੂ ਫਰੂਟ ਫਲਾਈ ਟਰੈਪ ਦੀ ਵਰਤੋਂ ਕਰਨੀ ਚਾਹੀਦੀ ਹੈ।



**ਖਾਦ ਖੁਰਾਕ** : ਬੂਟੇ ਦੇ ਵਧੀਆ ਵਾਧੇ ਨਹੀ ਗਲੀ ਸੜੀ ਰੂੜੀ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ। ਕੱਚੀ ਰੂੜੀ ਜਾਂ ਗੋਹਾ ਪਾਉਣ ਨਾਲ ਸਿਉਂਕ ਲੱਗਣ ਦਾ ਖਤਰਾ ਰਹਿੰਦਾ ਹੈ। ਆਮ ਤੌਰ 'ਤੇ ਰੂੜੀ ਖਾਦ ਬੂਟਿਆਂ ਨੂੰ ਹਰ ਸਾਲ ਦਸੰਬਰ ਵਿਚ, ਪਰ ਅਮਰੂਦ ਤੇ ਬੇਰ ਨੂੰ ਬੂਟਿਆਂ ਨੂੰ ਮਈ-ਜੂਨ ਦੇ ਮਹੀਨੇ ਪਾਉਣੀ ਚਾਹੀਦੀ ਹੈ। ਜੈਵਿਕ ਖਾਦ ਵੀ ਦੋ ਹਿੱਸਿਆਂ ਵਿਚ ਤਣੇ ਤੋਂ ਤਕਰੀਬਨ ਇਕ ਫੁੱਟ ਦੀ ਦੂਰੀ ਤੋਂ ਬਾਹਰ ਵੱਲ ਖਲਾਰ ਕੇ ਪਾਉਣੀ ਚਾਹੀਦੀ ਹੈ, ਭਾਵ ਅੱਧੀ ਫੁੱਲ ਖਿੜਨ ਤੋਂ ਪਹਿਲਾਂ ਅਤੇ ਅੱਧੀ ਫਲ ਬਣਨ ਤੋਂ ਤੁਰੰਤ ਮਗਰੋਂ।

| ਫਲਦਾਰ ਬੂਟੇ ਦਾ ਨਾਂ | ਪੀ.ਏ.ਯੂ. ਵਲੋਂ ਸਿਫਾਰਿਸ਼ ਕਿਸਮਾਂ | ਸਾਧਾਰਣ ਦੂਰੀ ਫਾਸਲਾ (ਫੁੱਟ) | ਗਿਣਤੀ ਪ੍ਰਤੀ ਏਕੜ |
|---|---|---|---|
| 1. ਨਿੰਬੂ ਜਾਤੀ | | | |
| ਮਾਲਟਾ | ਅਰਲੀ ਗੋਲਡ, ਵਲੈਂਸ਼ੀਆਂ, ਮੁਸੰਮੀ, ਜਾਫਾ, ਬਲੱਡ ਰੈੱਡ | 20 | 110 |
| ਸੰਗਤਰਾ | ਪੀ.ਏ.ਯੂ. ਕਿੰਨੂ1, ਡੇਜ਼ੀ, ਡਬਲਿਯੂ ਮਰਕਟ, ਕਿੰਨੂ, ਦੇਸੀ ਸੰਤਰਾ | | |
| ਨਿੰਬੂ | ਪੰਜਾਬ ਬਾਰਾਮਾਸੀ ਨਿੰਬੂ, ਪੰਜਾਬ ਗਲਗਲ, ਪੀ.ਏ.ਯੂ. ਬਾਰਾਮਾਸੀ ਨਿੰਬੂ-1, ਯੂਰੇਕਾ, ਕਾਗਜ਼ੀ ਗਰੇਪ ਫਰੂਟ | | |
| | ਸਟਾਰ ਰੂਬੀ, ਰੈੱਡ ਬਲੱਸ਼, ਮਾਰਸ਼ ਸੀਡਲੈੱਸ, ਡੰਕਨ, ਫੋਸਟਰ | | |
| 2. ਅੰਬ | ਐਲਫੈਂਜ਼ੋ, ਦੁਸਹਿਰੀ, ਲੰਗੜਾ, ਗੰਗੀਆਂ ਸੰਧੂਰੀ, ਜੀ.ਐਨ. 1 ਤੋਂ 7 | 30 | 49 |
| 3. ਅਮਰੂਦ | ਪੰਜਾਬ ਐਪਲ ਅਮਰੂਦ, ਪੰਜਾਬ ਕਿਰਨ, ਪੰਜਾਬ ਸਫੇਦਾ, ਸ਼ਵੇਤਾ, ਪੰਜਾਬ-ਪ੍ਰਿੰਕ, ਅਰਕਾ ਅਮੁਲਿਆ, ਅਲਾਹਾਬਾਦ ਸਫੇਦਾ, ਸਰਦਾਰ | 20 | 110 |
| 4. ਲੀਚੀ | ਦੇਰਾਦੂਨ, ਕਲਕੱਤੀਆ, ਸੀਡਲੈਸ ਲੇਟ | 25 | 72 |
| 5. ਲੁਕਾਠ | ਕੈਲੀਫੋਰਨੀਆ ਐਡਵਾਂਸ, ਗੋਲਡਨ ਯੈਲੋ, ਪੇਲ ਯੈਲੋ | 22 | 90 |
| 6. ਪਪੀਤਾ | ਰੈੱਡ ਲੇਡੀ, ਪੰਜਾਬ ਸਵੀਟ, ਪੂਸਾ ਡਲੀਸ਼ੀਅਸ, ਪੂਸਾ ਡਵਾਰਫ | 6 | 1230 |
| 7. ਚੀਕੂ | ਕਾਲੀਪੱਤੀ, ਕ੍ਰਿਕਟਬਾਲ | 30 | 49 |
| 8. ਖਜੂਰ | ਹਲਾਵੀ, ਬਰੀ | 27 | 60 |
| 9. ਆਂਵਲਾ | ਬਲਵੰਤ, ਨੀਲਮ, ਕੰਚਨ | 25 | 72 |
| 10. ਬਿੱਲ | ਕਾਗਜ਼ੀ | 20 | 110 |
| | ਸੰਘਣੀ ਪ੍ਰਣਾਲੀ/ਦੂਰੀ | | |
| 1. ਕਿੰਨੂ | | 20×10 | 220 |
| 2. ਅਮਰੂਦ | | 20×17 | 132 |

# ਗੁਲਦਾਊਦੀ ਦੇ ਬੂਟੇ ਲਾਉਣ ਦਾ ਹੈ ਢੁੱਕਵਾਂ ਸਮਾਂ



ਗੁਲਦਾਊਦੀ ਇੱਕ ਮਹਤੱਵਪੂਰਨ ਫੁੱਲਾਂ ਦੀ ਕਿਸਮ ਹੈ, ਜਿਸ ਨੂੰ ਲਾਉਣ ਦਾ ਇਹ ਢੁਕਵਾਂ ਸਮਾਂ ਹੈ। ਇਸ ਦੀਆਂ ਰੂਟਿਡ ਕਇੰਗਾਂ ਪਾਰਕਾਂ ਤੇ ਘਰੇਲੂ ਗਮਲਿਆਂ ਵਿੱਚ ਅੱਜ-ਕੱਲ੍ਹ ਆਸਾਨੀ ਨਾਲ ਲਾਈਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਫੁੱਲਾਂ ਦੀ ਬਹਾਰ ਅਕਤੂਬਰ ਤੋਂ ਦਸੰਬਰ ਤੱਕ ਰਹਿੰਦੀ ਹੈ। ਦਸੰਬਰ ਵਿੱਚ ਗੁਲਦਾਊਦੀ ਫੁੱਲਾਂ ਦੀਆਂ ਨੁਮਾਇਸ਼ਾਂ ਅਤੇ ਮੁਕਾਬਲੇ ਵੱਖੋ-ਵੱਖ ਸੰਸਥਾਵਾਂ ਵਲੋਂ ਕਰਾਏ ਜਾਂਦੇ ਹਨ। ਇਨ੍ਹਾਂ ਵਿੱਚ ਹਿੱਸਾ ਲੈ ਕੇ ਇਨਾਮ ਜਿੱਤੇ ਜਾ ਸਕਦੇ ਹਨ। ਨੌਜਵਾਨ



ਭਗਵਾਨ ਦਾਸ

ਲੜਕੇ-ਲੜਕੀਆਂ ਘਰ ਬੈਠੇ ਵਪਾਰਕ ਤੌਰ 'ਤੇ ਗੁਲਦਾਊਦੀ ਲਾ ਸਕਦੇ ਹਨ। ਗੁਲਦਾਊਦੀ ਦੇ ਫੁੱਲਾਂ ਨਾਲ ਭਰਿਆ ਇੱਕ ਗਮਲਾ 200-300 ਰੁਪਏ ਤੱਕ ਵਿਕ ਜਾਂਦਾ ਹੈ। ਗੁਲਦਾਊਦੀ ਦੀਆਂ ਸਟੈਂਡਰਡ ਤੇ ਸਪਰੇ ਦੋ ਕਿਸਮਾਂ ਹੁੰਦੀਆਂ ਹਨ। ਦੋਵੇਂ ਕਿਸਮਾਂ ਵਿੱਚ ਵੱਖ-ਵੱਖ ਰੰਗ ਮਿਲ ਜਾਂਦੇ ਹਨ। ਸਪਰੇ ਕਿਸਮ ਦੇ ਗੁਲਦਾਊਦੀ ਦੇ ਫੁੱਲਾਂ ਦੀ ਵਰਤੋਂ ਬੁੱਕੇ, ਹਾਰ, ਲੜੀਆਂ, ਕੱਟ ਫਲਾਵਰ ਅਤੇ ਫਲਾਵਰ ਅਰੇਂਜਮੇਂਟ ਆਦਿ ਵਿੱਚ ਕੀਤੀ ਜਾਂਦੀ ਹੈ। ਗੁਲਦਾਊਦੀ ਦੇ ਵਧੀਆ ਕਿਸਮ ਦੇ ਫੁੱਲ ਪੈਦਾ ਕਰਨ ਲਈ ਤਕਨੀਕੀ ਗਿਆਨ ਤੇ ਜਾਣਕਾਰੀ ਹੋਣਾ ਜ਼ਰੂਰੀ ਹੈ ਜੋ ਬਾਗਬਾਨੀ ਵਿਭਾਗ, ਪੰਜਾਬ ਖੇਤੀ ਯੂਨੀਵਰਸਿਟੀ ਅਤੇ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦੇ ਮਾਹਿਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਫੁੱਲਾਂ ਦੀ ਚੰਗੀ ਪੈਦਾਵਾਰ ਲਈ ਸਮੇਂ-ਸਮੇਂ 'ਤੇ ਗੋਡੀ, ਖਾਦ ਤੇ ਕੀੜੇਮਾਰ ਦਵਾਈਆਂ ਦੀ ਸਪਰੇਅ ਆਦਿ ਜ਼ਰੂਰੀ ਹਨ।

ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਵਲੋਂ ਗੁਲਦਾਊਦੀ ਦੀਆਂ ਕਈ ਕਿਸਮਾਂ ਜਿਵੇਂ ਪੂਸਾ ਸੋਨਾ, ਪੂਸਾ ਅਰੁਣੋਦਿਆ, ਪੂਸਾ ਕੇਸਰੀ, ਪੂਸਾ ਆਦਿਤਿਆ, ਪੂਸਾ ਚਿਤਰਾਕਸ਼ਾ ਆਦਿ ਵਿਕਸਤ ਕੀਤੀਆਂ ਗਈਆਂ ਹਨ। ਗੁਲਦਾਊਦੀ ਦੇ ਅਗੇਤੇ ਫੁੱਲ ਲੈਣ ਲਈ ਪੂਸਾ ਸੋਨਾ ਕਿਸਮ ਲਾਉਣੀ ਚਾਹੀਦੀ ਹੈ, ਜੋ 20 ਦਿਨ ਪਹਿਲਾਂ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ ਫੁੱਲ ਦੇਣੇ ਸ਼ੁਰੂ ਕਰ ਦਿੰਦੀ ਹੈ। ਇਹ ਕਿਸਮ ਗਮਲਿਆਂ ਵਿੱਚ ਲਾਉਣ ਲਈ ਬਹੁਤ ਹੀ ਅਨੁਕੂਲ ਹੈ। ਇਸ ਦਾ ਫੈਲਾਅ ਵਧੀਆ (50-55 ਸੈ.ਮੀ.) ਹੁੰਦਾ ਹੈ। ਫੁੱਲਾਂ ਦਾ ਰੰਗ ਜ਼ਰਦ ਤੇ ਪੌਦੇ ਮਧਰੇ (25 ਕੁ ਸੈ.ਮੀ.) ਹੁੰਦੇ ਹਨ। ਪੂਸਾ ਅਰੁਣੋਦਿਆ ਕਿਸਮ ਦੇ ਪੌਦਿਆਂ ਦੀ ਲੰਬਾਈ ਦਰਮਿਆਨੀ (50-55 ਸੈ.ਮੀ.) ਤੱਕ ਹੈ। ਇਸ ਕਿਸਮ ਦਾ ਫੈਲਾਅ ਵੀ ਵਧੀਆ ਹੁੰਦਾ ਹੈ। ਫੁੱਲਾਂ ਦਾ ਘੇਰਾ 7-8 ਸੈ.ਮੀ. ਤੇ ਆਕਾਰ ਦੂਹਰਾ ਹੁੰਦਾ ਹੈ। ਇਸ ਕਿਸਮ ਦੇ ਫੁੱਲ ਗੁਲਾਬੀ ਰੰਗ ਦੇ ਹੁੰਦੇ ਹਨ। ਪੂਸਾ ਕੇਸਰੀ ਕਿਸਮ ਦੇ ਪੌਦੇ ਵਧੀਆ ਫੈਲਾਅ ਵਾਲੇ, ਲੰਮੇ (65-70 ਸੈ.ਮੀ.) ਦੇ ਹੁੰਦੇ ਹਨ। ਇਸ ਕਿਸਮ ਦੇ ਫੁੱਲਾਂ ਦਾ ਆਕਾਰ 9-10 ਸੈ.ਮੀ. ਤੱਕ ਹੁੰਦਾ ਹੈ। ਇਸ ਕਿਸਮ ਦੇ ਫੁੱਲ ਕਟ ਫਲਾਵਰ ਤੇ ਪੌਟ ਨੁਮਾਇਸ਼ ਦੋਵਾਂ ਉਦੇਸ਼ਾਂ ਲਈ ਇਸਤੇਮਾਲ ਕੀਤੇ ਜਾਂਦੇ ਹਨ। ਪੂਸਾ ਆਦਿਤਿਆ ਕਿਸਮ ਦਾ ਪੌਦਾ ਝਾੜੀ ਵਾਲਾ ਹੁੰਦਾ ਹੈ, ਜਿਸ ਦੀਆਂ ਸ਼ਾਖਾਵਾਂ 30-35 ਸੈ.ਮੀ. ਤੱਕ ਹਨ। ਪੌਦੇ ਦੀ ਉਚਾਈ 55 ਤੋਂ 60 ਸੈ.ਮੀ. ਹੁੰਦੀ ਹੈ ਤੇ ਫੈਲਾਅ 45 ਤੋਂ 60 ਸੈ.ਮੀ. ਤੱਕ ਹੁੰਦਾ ਹੈ। ਪੂਸਾ ਚਿਤਰਾਕਸ਼ਾ ਕਿਸਮ ਦਾ ਪੌਦਾ ਵੀ ਝਾੜੀ ਵਾਲਾ ਹੁੰਦਾ ਹੈ। ਇਹ ਲੰਮਾ (60 ਤੋਂ 65 ਸੈ.ਮੀ.) ਤੇ ਫੈਲਾਅ ਵੀ ਵਧੀਆ ਹੈ। ਇਹ ਸਪਰੇ ਕਿਸਮ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਗਮਲਿਆਂ ਤੇ ਬਾਗਾਂ ਵਿੱਚ ਨੁਮਾਇਸ਼ ਲਈ ਅਨੁਕੂਲ ਹੈ। ਵਪਾਰਕ ਬਾਗ ਲਾਉਣ ਲਈ ਇਨ੍ਹਾਂ ਕਿਸਮਾਂ ਦੇ ਬੂਟੇ ਵਪਾਰਕ ਕੰਪਨੀਆਂ ਤੋਂ ਵੀ ਉਪਲਬਧ ਹੋ ਜਾਂਦੇ ਹਨ। ਕਾਸ਼ਤਕਾਰ ਇਹ ਬੂਟੇ ਆਪ ਤਿਆਰ ਕਰਨ ਵਿੱਚ ਸਫ਼ਲ ਹੋਏ ਹਨ। ਬੂਟੇ ਤਿਆਰ ਕਰਨ ਲਈ ਆਈ.ਏ.ਆਰ.ਆਈ. ਦੇ ਮਾਹਿਰਾਂ ਤੋਂ ਅਗਵਾਈ ਲਈ ਜਾ ਸਕਦੀ ਹੈ।

ਗੁਲਦਾਊਦੀ ਨੂੰ ਤਿਆਰ ਕਰਨ ਲਈ 5 ਤੋਂ 6 ਘੰਟੇ ਧੁੱਪ ਉਪਲਬਧ ਹੋਣੀ ਚਾਹੀਦੀ ਹੈ। ਬੂਟਿਆਂ ਵਿੱਚ ਮੀਂਹ ਦਾ ਪਾਣੀ ਜ਼ਿਆਦਾ ਦੇਰ ਨਹੀਂ ਖੜ੍ਹਾ ਰਹਿਣਾ ਚਾਹੀਦਾ। ਜ਼ਿਆਦਾ ਤੋਂ ਵਧੀਆ ਗੁਣਵੱਤਾ ਦੇ ਫੁੱਲ ਲੈਣ ਲਈ ਸਰ੍ਹੋਂ ਦੀ ਖਲ ਜਾਂ ਬੋਨ ਮੀਲ 15-20 ਦਿਨਾਂ ਦੇ ਫ਼ਰਕ ਨਾਲ ਪਾਉਣ ਦੀ ਲੋੜ ਹੈ। ਬੂਟੇ ਦੇ ਸੁੱਕੇ ਪੱਤਿਆਂ ਨੂੰ ਤੋੜ ਦੇਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨਾਲ ਉੱਲੀ ਰੋਗ ਲੱਗ ਜਾਂਦੇ ਹਨ। ਉੱਲੀ ਰੋਗਾਂ ਤੋਂ ਬਚਾਅ ਲਈ ਬਾਵਿਸਟਨ ਜਾਂ ਮੰਡੀ ਵਿੱਚ ਆਈਆਂ ਨਵੀਆਂ ਦਵਾਈਆਂ ਦੀ ਸਪਰੇਅ ਕੀਤੀ ਜਾ ਸਕਦੀ ਹੈ। ਸੀਜ਼ਨ ਦੇ ਅਖੀਰ ਵਿੱਚ ਮੁਰਝਾਏ ਫੁੱਲ ਤੋੜ ਦੇਣੇ ਚਾਹੀਦੇ ਹਨ। ਫਿਰ ਹੋਰ ਨਵੀਆਂ ਬਣ ਰਹੀਆਂ ਬਡਜ਼ ਜਲਦੀ ਖਿੜ ਜਾਣਗੀਆਂ। ਬਲੂਮਿੰਗ ਸਟੇਜ 'ਤੇ ਫੁੱਲਾਂ ਨੂੰ ਪਾਣੀ ਨਹੀਂ ਲੱਗਣਾ ਚਾਹੀਦਾ, ਨਹੀਂ ਤਾਂ ਇਹ ਜਲਦੀ ਖਰਾਬ ਹੋ ਜਾਂਦੇ ਹਨ। ਕੀੜਿਆਂ ਤੋਂ ਬਚਾਅ ਲਈ 2 ਮਿ.ਲਿ. ਨੀਮ ਆਇਲ ਪ੍ਰਤੀ ਲਿਟਰ ਪਾਣੀ ਨਾਲ ਸਪਰੇਅ ਕਰਨਾ ਚਾਹੀਦਾ ਹੈ। ਗੁਲਦਾਊਦੀ ਛੋਟੇ ਫਾਰਮਾਂ ਅਤੇ ਨਿੱਜੀ ਉਤਪਾਦਕਾਂ ਵੱਲੋਂ ਲਾਈ ਜਾਂਦੀ ਹੈ। ਆਈ.ਸੀ.ਏ. ਆਰ.ਆਈ. ਏ.ਆਰ.ਆਈ ਦੇ ਡਾਇਰੈਕਟਰ ਤੇ ਵਾਈਸ ਚਾਂਸਲਰ ਡਾ. ਸੀ.ਐਚ. ਸ੍ਰੀਨਿਵਾਸਾ ਰਾਓ ਕਹਿੰਦੇ ਹਨ ਕਿ ਆਈ.ਏ.ਆਰ.ਆਈ. ਵਲੋਂ ਵਿਕਸਤ ਗੁਲਦਾਊਦੀ ਦੀਆਂ ਕਿਸਮਾਂ ਇਸ ਫੁੱਲ ਦੀ ਵਧ ਰਹੀ ਮੰਗ ਨੂੰ ਪੂਰਾ ਕਰ ਸਕਦੀਆਂ ਹਨ। ਇਨ੍ਹਾਂ ਕਿਸਮਾਂ ਦੀ ਗੁਣਵੱਤਾ ਤੇ ਪੈਦਾਵਾਰ ਲਾਹੇਵੰਦ ਹੈ।

ਗਮਲਿਆਂ ਵਿੱਚ ਗੁਲਦਾਊਦੀ ਤਿਆਰ ਕਰਨ ਲਈ ਬਾਗਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ (ਰਿਟਾ.) ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਪਹਿਲਾਂ ਮਿੱਟੀ ਦਾ ਮਿਕਸਚਰ ਤਿਆਰ ਕੀਤਾ ਜਾਵੇ, ਜਿਸ ਵਿੱਚ ਇੱਕ ਹਿੱਸਾ ਖੇਤ ਦੀ ਮਿੱਟੀ, ਇੱਕ ਹਿੱਸਾ ਚੰਗੀ ਤਰ੍ਹਾਂ ਗਲੀ ਹੋਈ ਰੂੜ੍ਹੀ ਦੀ ਖਾਦ ਜਾਂ ਗੰਡੋਇਆ ਖਾਦ, ਇੱਕ ਹਿੱਸਾ ਪੱਤਿਆਂ ਦੀ ਖਾਦ ਪਾਉਣੀ ਚਾਹੀਦੀ ਹੈ। ਗਮਲੇ ਦਾ ਆਕਾਰ 10-12 ਇੰਚ ਹੋ ਸਕਦਾ ਹੈ। ਇੱਕ ਕਿਊਸਿਕ ਮੀਟਰ ਮਿੱਟੀ ਦੇ ਮਿਕਸਚਰ ਵਿੱਚ ਦੋ ਕਿਲੋ ਕਿਸਾਨ ਖਾਦ (ਕੈਨ), ਸਿੰਗਲ ਸੁਪਰਫਾਸਫੇਟ (ਐਸਐਸਪੀ) ਤੇ ਮਿਊਰੇਟ ਆਫ ਪੋਟਾਸ਼ (ਐਮਓਪੀ) 2:2:1 ਦੇ ਅਨੁਪਾਤ ਵਿੱਚ ਪਾਉਣੇ ਚਾਹੀਦੇ ਹਨ। ਜਦੋਂ ਤੱਕ ਫੁੱਲਾਂ ਦੀ ਬਹਾਰ ਖ਼ਤਮ ਨਹੀਂ ਹੋ ਜਾਂਦੀ, ਰੂਟ ਸਕਰਜ਼ ਤੋੜਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਫੁੱਲਾਂ ਦਾ ਰੂਪ-ਰੰਗ ਚੰਗਾ ਨਹੀਂ ਹੋਵੇਗਾ। ਫੁੱਲਾਂ ਦਾ ਆਕਾਰ ਤੇ ਨੰਬਰ ਦੇ ਆਧਾਰ 'ਤੇ ਗੁਲਦਾਊਦੀ ਨੂੰ ਵੱਖ-ਵੱਖ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ।

# ਬਰਸਾਤਾਂ ਵਿੱਚ ਨਰਮੇ ਦੀ ਸੰਭਾਲ ਲਈ ਕੁੱਝ ਨੁਕਤੇ

ਦੱਖਣ-ਪੱਛਮੀ ਜ਼ਿਲਿਆਂ ਵਿਚ ਵੀ ਲਗਾਤਾਰ ਪੈ ਰਹੇ ਮੀਂਹ ਕਰਕੇ ਨਰਮੇ ਦੇ ਖੇਤਾਂ ਵਿਚ ਸਿੱਲ ਬਰਕਰਾਰ ਹੈ। ਅਜਿਹੇ ਹਲਾਤਾਂ ਵਿਚ ਆਮ ਤੌਰ ਤੇ ਨਰਮੇ ਦੇ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਬਰਸਾਤਾਂ ਵਿਚ ਆਉਣ ਵਾਲੀਆਂ ਬਿਮਾਰੀਆਂ** : ਜਿਨਾਂ ਖੇਤਾਂ ਵਿਚ ਪਾਣੀ ਨਹੀਂ ਲੱਗਾ ਸੀ ਜਾਂ ਮੀਂਹ ਤੋਂ ਪਹਿਲਾਂ ਨਰਮਾ ਔੜ ਮਨਾ ਰਿਹਾ ਸੀ, ਉਥੇ ਭਾਰੀ ਬਾਰਿਸ਼ ਪੈਣ ਤੋਂ ਬਾਅਦ ਪੈਰਾ ਵੈਲਟ ਦੇ ਲੱਛਣ ਦਿਖ ਰਹੇ ਹਨ। ਇਹ ਸਮੱਸਿਆ ਸਾਰੇ ਖੇਤ ਵਿਚ ਇਕਸਾਰ ਨਹੀਂ ਆਉਂਦੀ, ਬਲਕਿ ਕੁਝ ਕੁ ਬੂਟੇ ਮੁਰਝਾਉਣ ਦੇ ਲੱਛਣ ਦਿਖਾਉਣ ਲਗ ਪੈਂਦੇ ਹਨ। ਬੂਟੇ ਦੇ ਹਰੇ ਪੱਤਿਆਂ ਦਾ ਮੁਰਝਾਉਣਾ ਇਸ ਦਾ ਹੀ ਲੱਛਣ ਹੈ। ਅਜਿਹੀ ਸਮੱਸਿਆ ਆਉਣ ਦੀ ਸੂਰਤ ਵਿਚ ਤੁਰੰਤ ਕੋਬਾਲਟ ਕਲੋਰਾਇਡ 1 ਗ੍ਰਾਮ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਭਾਵਿਤ ਬੂਟਿਆਂ ਤੇ ਸਪਰੇ ਕਰ ਦੇਣੀ ਚਾਹੀਦੀ ਹੈ, ਜਿਸ ਨਾਲ ਬੂਟੇ ਦਾ ਮੁਰਝਾਉਣਾ ਰੁਕ ਜਾਂਦਾ ਹੈ ਅਤੇ ਬੂਟਾ ਦੁਬਾਰਾ ਚਲ ਪੈਂਦਾ ਹੈ। ਜੇ ਬੂਟਾ ਪੂਰਾ ਮੁਰਝਾ ਜਾਵੇ ਤਾਂ ਇਸ ਦਵਾਈ ਦਾ ਅਸਰ ਨਹੀਂ ਮਿਲਦਾ, ਨਾ ਹੀ ਸਿਹਤਮੰਦ ਬੂਟਿਆਂ ਤੇ ਇਸ ਦਾ ਛਿੜਕਾਅ ਕਰਨਾ ਚਾਹੀਦਾ ਹੈ।

ਬਾਰਿਸਾਂ ਦੇ ਮੌਸਮ ਵਿਚ ਪੱਤਿਆਂ ਦੇ ਧੱਬਿਆਂ ਦਾ ਰੋਗ ਵੀ ਨਰਮੇ ਦੀ ਫਸਲ ਤੇ ਦਿਖਾਈ ਦੇ ਸਕਦਾ ਹੈ। ਇਸ ਰੋਗ ਦੇ ਧੱਬੇ ਨਰਮੇ ਦੇ ਟਿੰਡਿਆਂ ਉਪਰ ਵੀ ਦਿਖਾਈ ਦਿੰਦੇ ਹਨ। ਇਸ ਰੋਗ ਦੇ



ਵਧਣ ਨਾਲ ਕਈ ਵਾਰ ਪੱਤੇ ਪੂਰੀ ਤਰ੍ਹਾਂ ਸੁੱਕ ਜਾਂਦੇ ਹਨ ਅਤੇ ਇਹ ਬਿਮਾਰੀ ਨਰਮੇ ਦੇ ਝਾੜ ਤੇ ਮਾੜਾ ਅਸਰ ਪਾ ਸਕਦੀ ਹੈ। ਇਸ ਬਿਮਾਰੀ ਤੋਂ ਬਚਣ ਲਈ ਐਮੀਸਟਾਰ ਟੌਪ 200 ਮਿ.ਲੀ. ਪ੍ਰਤੀ ਏਕੜ ਦਾ ਸਪਰੇ ਕਰ ਦੇਣਾ ਚਾਹੀਦਾ ਹੈ।

**ਨਰਮੇ ਦੇ ਪੱਤਿਆਂ ਦਾ ਪੀਲਾ ਪੈਣਾ** : ਲਗਾਤਾਰ ਪੈ ਰਹੇ ਮੀਂਹ ਕਾਰਣ ਕਈ ਵਾਰ ਨਰਮੇ ਦਾ ਪਤਰਾਲ ਪੀਲਾਪਣ ਦਿਖਾਉਣ ਲਗ ਪੈਂਦਾ ਹੈ। ਜਿਨਾਂ ਖੇਤਾਂ ਵਿਚ ਲਗਾਤਾਰ ਪਾਣੀ ਖੜਾ ਰਹੇ, ਉਥੇ ਜੜਾਂ ਨੂੰ ਆਕਸੀਜਨ ਨਾ ਮਿਲਣ ਕਰਕੇ ਨਰਮੇ ਦੇ ਬੂਟੇ ਖੁਰਾਕ ਬਹੁਤ ਘੱਟ ਚਕਦੇ ਹਨ ਅਤੇ ਪਲੱਤਣ ਵਿਚ ਆ ਜਾਂਦੇ ਹਨ। ਅਜਿਹੀਆਂ ਹਾਲਤਾਂ ਵਿਚ ਨਰਮੇ ਦੀ ਫਸਲ ਵਿਚ ਪਾਣੀ ਦੀ ਨਿਕਾਸੀ ਕਰਕੇ, ਪੀ. ਏ. ਯੂ. ਦੀ ਸਿਫਾਰਿਸ਼ ਮੁਤਾਬਿਕ ਯੂਰੀਆ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਫਸਲ ਨੂੰ ਪਹਿਲਾਂ ਪਾਣੀ ਨਾ ਲੱਗਾ ਹੋਣ ਕਰਕੇ ਯੂਰੀਆ ਦੀ ਪਹਿਲੀ ਕਿਸ਼ਤ ਨਹੀਂ ਪਈ ਤਾਂ ਇਸ ਸਮੇਂ ਇਹ ਕਿਸ਼ਤ 45 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ। ਜੇ ਪਹਿਲੀ ਕਿਸ਼ਤ ਪੈ ਚੁੱਕੀ ਹੈ, ਅਤੇ ਨਰਮੇ ਦੀ ਫਸਲ ਫੁੱਲਾਂ ਤੇ ਹੈ ਤਾਂ ਇਸ ਸਮੇਂ ਯੂਰੀਆ ਦੀ ਦੂਸਰੀ ਕਿਸ਼ਤ ਪਾਈ ਜਾ ਸਕਦੀ ਹੈ।

**ਫੁੱਲ-ਚੁੰਡੀਆਂ ਦਾ ਝੜਨਾ** : ਲਗਾਤਾਰ ਬਦਲਵਾਈ ਰਹਿਣ ਕਾਰਣ ਨਰਮੇ ਦੀ ਫਸਲ ਨੂੰ ਸੂਰਜ ਦੀ ਰੋਸ਼ਨੀ ਘੱਟ ਮਿਲਣ ਕਰਕੇ ਫੁੱਲਾਂ ਤੇ ਆਈ ਫਸਲ ਕਈ ਵਾਰ ਚੁੰਡੀਆਂ, ਫੁੱਲ ਜਾਂ ਛੋਟੇ ਟਿੰਡੇ ਸਿੱਟਣ ਲਗ ਪੈਂਦੀ ਹੈ। ਇਸ ਨੂੰ ਰੋਕਣ ਲਈ ਪੋਟਾਸ਼ਿਅਮ ਨਾਈਟ੍ਰੇਟ (13-0-45) 2 ਕਿਲੋ ਪ੍ਰਤੀ ਏਕੜ ਦੀ ਸਪਰੇਅ ਫੁੱਲ ਪੈਣ ਤੇ ਸ਼ੁਰੂ ਕਰਕੇ, ਇਸ ਦੇ 4 ਸਪਰੇਅ 10 ਦਿਨਾਂ ਦੇ ਵਕਫੇ ਤੇ ਕਰਨੇ ਚਾਹੀਦੇ ਹਨ। ਬੀ. ਟੀ. ਨਰਮੇ ਵਿਚ ਫੁੱਲ ਪੈਣ ਦੀ ਅਵਸਥਾ 70-75 ਦਿਨਾਂ ਤੇ ਹੁੰਦੀ ਹੈ। ਦੇਰੀ ਨਾਲ ਸਪਰੇਅ ਕਰਨਾ ਅਤੇ ਘੱਟ ਮਾਤਰਾ ਵਿਚ ਸਪਰੇਅ ਕਰਨ ਨਾਲ 13-0-45 ਦਾ ਪੂਰਾ ਫਾਇਦਾ ਨਹੀਂ ਮਿਲਦਾ। ਸਹੀ ਸਮੇਂ ਅਤੇ ਪੂਰੀ ਮਾਤਰਾ ਵਿਚ ਕੀਤੇ ਸਪਰੇ, ਨਰਮੇ ਨੂੰ ਹਰ ਤਰ੍ਹਾਂ ਦੇ ਤਨਾਅ ਤੋਂ ਬਚਾਉਂਦੇ ਹਨ।

**ਜਗਦੀਸ਼ ਕੁਮਾਰ ਅਰੋੜਾ ਅਤੇ ਸੁਨਾਇਣਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਅਬੋਹਰ**
**ਮੋਬਾਇਲ : 81959-50560**

# ਭਵਿੱਖ ਲਈ ਲਾਭਕਾਰੀ ਕਿੱਤਾ ਬਣੇ ਖੇਤੀ



**ਪੰਜਾਬ ਦਾ ਖੇਤੀ ਸੈਕਟਰ ਅਣਗਿਣਤ ਚੁਣੌਤੀਆਂ ਨਾਲ ਜੂਝ ਰਿਹਾ ਹੈ। ਇਸ ਦਾ ਸਿੱਧਾ ਅਸਰ ਸੂਬੇ ਤੇ ਦੇਸ਼ ਦੀ ਆਰਥਿਕਤਾ 'ਤੇ ਪੈ ਰਿਹਾ ਹੈ। ਨੌਜਵਾਨਾਂ ਨੂੰ ਖੇਤੀ ਨਾਲ ਜੋੜਨ ਲਈ ਨਵੇਂ ਟੀਚੇ ਮਿੱਥਣੇ ਪੈਣਗੇ।**

ਕੁਝ ਸਾਲ ਪਹਿਲਾਂ ਖੇਤੀਬਾੜੀ ਬਾਰੇ ਇੱਕ ਰਾਸ਼ਟਰੀ ਪੱਧਰ ਦੀ ਮੀਟਿੰਗ ਵਿੱਚ ਇੱਕ ਸੀਨੀਅਰ ਭਾਗੀਦਾਰ ਨੇ ਪੁੱਛਿਆ, 'ਅਸੀਂ ਉਸ ਖੇਤਰ ਦੀ ਇੰਨੀ ਚਿੰਤਾ ਕਿਉਂ ਕਰੀਏ ਜੋ ਕੁੱਲ ਘਰੇਲੂ ਉਤਪਾਦ (ਜੀ. ਡੀ. ਪੀ.) ਵਿੱਚ ਸਿਰਫ਼ 14-16 ਫ਼ੀਸਦੀ ਯੋਗਦਾਨ ਪਾਉਂਦਾ ਹੈ ? ਕਮਰੇ ਵਿੱਚ ਚੁੱਪ ਪਸਰ ਗਈ। ਉਸ ਵੇਲੇ ਮੈਂ ਪੰਜਾਬ ਦਾ ਖੇਤੀਬਾੜੀ ਸਕੱਤਰ ਸੀ। ਮਾਹੌਲ ਅਤੇ ਟਿੱਪਣੀ ਕਰਨ ਵਾਲੇ ਦੇ ਅਧਿਕਾਰ ਨੂੰ ਦੇਖਦੇ ਹੋਏ ਕਿਸੇ ਨੇ ਵੀ ਇਸ ਗੱਲ ਦਾ ਵਿਰੋਧ ਨਹੀਂ ਕੀਤਾ। ਭਾਰਤ ਸਰਕਾਰ ਨੇ ਵੀ ਤੁਰੰਤ ਇਸ ਦੇ ਪ੍ਰਭਾਵ ਨੂੰ ਸੀਮਤ ਕਰ ਦਿੱਤਾ ਤੇ ਇਹ ਟਿੱਪਣੀ ਮੀਟਿੰਗ ਤੋਂ ਬਾਹਰ ਨਹੀਂ ਗਈ ਪਰ ਇਹ ਘਟਨਾ ਮੇਰੇ ਮਨ ਵਿੱਚ ਰਹਿ ਗਈ, ਕਿਉਂਕਿ ਇਸ ਨੇ ਇੱਕ ਅਜਿਹੀ ਗਲਤ ਧਾਰਨਾ ਨੂੰ ਦਰਸਾਇਆ, ਜੋ ਅੱਜ ਵੀ ਨੀਤੀ-ਨਿਰਮਾਣ ਨੂੰ ਪ੍ਰਭਾਵਿਤ ਕਰਦੀ ਹੈ ਕਿ ਜਿਵੇਂ-ਜਿਵੇਂ ਰਾਸ਼ਟਰੀ ਆਮਦਨ ਵਿੱਚ ਖੇਤੀ ਦਾ ਹਿੱਸਾ ਘਟਦਾ ਹੈ, ਤਿਵੇਂ-ਤਿਵੇਂ ਇਸ ਦੀ ਮਹੱਤਤਾ ਵੀ ਘੱਟ ਜਾਂਦੀ ਹੈ।

ਅਸਲ ਵਿੱਚ ਇਸ ਤੋਂ ਵੱਡੀ ਗਲਤਫਹਿਮੀ ਹੋਰ ਕੋਈ ਨਹੀਂ ਹੋ ਸਕਦੀ। ਹਰ ਵਿਕਾਸਸ਼ੀਲ ਅਰਥਵਿਵਸਥਾ ਵਿੱਚ ਜਦੋਂ ਉਦਯੋਗ ਅਤੇ ਸੇਵਾ




ਖੇਤਰ ਤੇਜ਼ੀ ਨਾਲ ਵਧਦੇ ਹਨ ਤਾਂ ਖੇਤੀ ਦਾ ਜੀਡੀਪੀ ਵਿੱਚ ਹਿੱਸਾ ਕੁਦਰਤੀ ਤੌਰ 'ਤੇ ਘਟਦਾ ਹੈ। ਅਸਲ ਗੱਲ ਇਹ ਹੈ ਕਿ ਖੇਤੀ ਕਿੰਨਾ ਮੁੱਲ (ਵੈਲਿਊ) ਪੈਦਾ ਕਰਦੀ ਹੈ, ਕਿੰਨੀ ਆਮਦਨ ਦਾ ਆਧਾਰ ਬਣਦੀ ਹੈ ਅਤੇ ਕਿੰਨੇ ਲੋਕਾਂ ਦੀ ਰੋਜ਼ੀ-ਰੋਟੀ ਇਸ ਨਾਲ ਜੁੜੀ ਹੋਈ ਹੈ। ਸਾਡੀ ਸਮੱਸਿਆ ਇਹ ਨਹੀਂ ਕਿ ਖੇਤੀ ਦਾ ਯੋਗਦਾਨ ਘੱਟ ਹੈ, ਸਮੱਸਿਆ ਇਹ ਹੈ ਕਿ ਬਹੁਤ ਵੱਡੀ, ਗਿਣਤੀ ਵਿੱਚ ਲੋਕ ਬਹੁਤ ਘੱਟ ਖੇਤੀ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ। ਖੇਤੀ ਅਤੇ ਇਸ ਨਾਲ ਸੰਬੰਧਿਤ ਗਤੀਵਿਧੀਆਂ ਮੌਜੂਦਾ ਕੀਮਤਾਂ ਅਨੁਸਾਰ ਰਾਸ਼ਟਰੀ ਆਮਦਨ ਦਾ ਲਗਭਗ ਪੰਜਵਾਂ ਹਿੱਸਾ ਪੈਦਾ ਕਰਦੀਆਂ ਹਨ ਪਰ ਦੇਸ਼ ਦੇ 46.1 ਫ਼ੀਸਦੀ ਕਰਮਚਾਰੀ ਇਸ 'ਤੇ ਨਿਰਭਰ ਹਨ। ਇਹੀ ਅਸੰਤੁਲਨ ਰੁਕੀ ਹੋਈ ਆਮਦਨ, ਲੁਕੀ ਹੋਈ ਬੇਰੁਜ਼ਗਾਰੀ ਅਤੇ ਵਾਰ-ਵਾਰ ਪੈਦਾ ਹੋਣ ਵਾਲੇ ਖੇਤੀ ਸੰਕਟ ਦਾ ਮੁੱਖ ਕਾਰਨ ਹੈ। ਖੇਤੀਬਾੜੀ ਖ਼ਤਮ ਨਹੀਂ ਹੋਈ। ਜਿਵੇਂ-ਜਿਵੇਂ ਆਬਾਦੀ ਵਧੇਗੀ, ਸ਼ਹਿਰੀਕਰਨ ਫੈਲੇਗਾ ਅਤੇ ਖਾਣ-ਪੀਣ ਦੀਆਂ ਆਦਤਾਂ ਬਦਲਣਗੀਆਂ, ਭੋਜਨ ਦੀ ਮੰਗ ਵੀ ਵਧੇਗੀ। ਵਿਸ਼ਵ ਬੈਂਕ ਦਾ ਅਨੁਮਾਨ ਹੈ ਕਿ 2050 ਤੱਕ ਦੁਨੀਆ ਵਿੱਚ ਭੋਜਨ ਦੀ ਮੰਗ ਲਗਭਗ 30 ਫ਼ੀਸਦੀ ਵਧ ਜਾਵੇਗੀ।

ਪਹਿਲਾਂ ਦੇ ਅਨੁਮਾਨਾਂ ਅਨੁਸਾਰ 2013 ਦੇ ਪੱਧਰ ਨਾਲੋਂ ਖੇਤੀ ਉਤਪਾਦਨ ਵਿੱਚ ਕਰੀਬ 50 ਫ਼ੀਸਦੀ ਵਾਧੇ ਦੀ ਲੋੜ ਪੈ ਸਕਦੀ ਹੈ। ਇਹ ਵਾਧਾ ਸਿਰਫ਼ ਅਨਾਜ ਵਿੱਚ ਨਹੀਂ, ਸਗੋਂ ਦੁੱਧ, ਮੱਛੀ, ਫ਼ਲ, ਸਬਜ਼ੀਆਂ, ਦਾਲਾਂ ਅਤੇ ਪ੍ਰੋਸੈਸ ਕੀਤੇ ਖਾਦ ਪਦਾਰਥਾਂ ਵਿੱਚ ਹੋਵੇਗਾ। ਇਸ ਲਈ ਸਵਾਲ ਇਹ ਨਹੀਂ ਕਿ ਖੇਤੀ ਦਾ ਭਵਿੱਖ ਹੈ ਜਾਂ ਨਹੀਂ, ਅਸਲ ਸਵਾਲ ਇਹ ਹੈ ਕਿ ਅਸੀਂ ਭਵਿੱਖ ਦੀ ਖੇਤੀ ਤਿਆਰ ਕਰ ਸਕਦੇ ਹਾਂ ?

ਇਹ ਤਾਂ ਹਰ ਏਕੜ ਜ਼ਮੀਨ, ਹਰ ਬੂੰਦ ਪਾਣੀ, ਹਰ ਇਕਾਈ ਖਾਦ ਅਤੇ ਹਰ ਘੰਟੇ ਦੀ ਮਿਹਨਤ ਤੋਂ ਵੱਧ ਮੁੱਲ ਪੈਦਾ ਕਰਨ ਨਾਲ ਆਵੇਗਾ। ਸਭ ਤੋਂ ਪਹਿਲੀ ਲੋੜ ਉਤਪਾਦਕਤਾ ਵਧਾਉਣ ਦੀ ਹੈ। ਹਰੀ ਕ੍ਰਾਂਤੀ ਨੇ ਅਨਾਜ ਦੀ ਕਮੀ ਦੂਰ ਕੀਤੀ ਸੀ, ਹੁਣ ਅਗਲੀ ਕ੍ਰਾਂਤੀ ਨੂੰ ਘੱਟ ਆਮਦਨ ਦੀ ਸਮੱਸਿਆ ਦੂਰ ਕਰਨੀ ਹੋਵੇਗੀ। ਇਸ ਲਈ ਸਾਨੂੰ ਬਿਹਤਰ ਬੀਜ, ਜਲਵਾਯੂ-ਅਨੁਕੂਲ ਕਿਸਮਾਂ, ਸੁਚੱਜੀ ਸਿੰਚਾਈ, ਮਿੱਟੀ ਦੀ ਜਾਂਚ, ਡਿਜੀਟਲ ਸਲਾਹ ਅਤੇ ਛੋਟੀਆਂ ਜੋਤਾਂ ਲਈ ਢੁਕਵੀਆਂ ਮਸ਼ੀਨਾਂ ਦੀ ਲੋੜ ਹੈ। ਸਮੱਸਿਆ



ਸੁਰੇਸ਼ ਕੁਮਾਰ
ਮੋ. 950 10-15261

ਤਕਨਾਲੋਜੀ ਦੀ ਕਮੀ ਨਹੀਂ, ਸਗੋਂ ਇਸ ਨੂੰ ਖੋਜ ਸੰਸਥਾਵਾਂ ਤੋਂ ਆਮ ਕਿਸਾਨ ਤੱਕ ਵਾਜਬ ਕੀਮਤ 'ਤੇ ਨਾ ਪਹੁੰਚਾ ਸਕਣ ਦੀ ਹੈ। ਇੱਕ ਛੋਟਾ ਕਿਸਾਨ ਸ਼ਾਇਦ ਕਦੇ ਵੀ ਡਰੋਨ, ਲੇਜ਼ਰ ਲੈਵਲਰ ਜਾਂ ਹਾਰਵੈਸਟਰ ਨਹੀਂ ਖਰੀਦ ਸਕੇਗਾ ਪਰ ਸਹਿਕਾਰੀ ਸਭਾਵਾਂ, ਕਿਸਾਨ ਉਤਪਾਦਕ ਸੰਸਥਾਵਾਂ, ਕਸਟਮ ਹਾਇਰਿੰਗ ਸੈਂਟਰ ਜਾਂ ਪਿੰਡ ਦੇ ਉਦਯੋਗਪਤੀ ਇਹ ਸੇਵਾਵਾਂ ਉਪਲਬਧ ਕਰਵਾ ਸਕਦੇ ਹਨ। ਛੋਟੀ ਜੋਤ ਵਾਲੀ ਖੇਤੀ ਵਿੱਚ ਹਰ ਕਿਸਾਨ ਲਈ ਹਰ ਮਸ਼ੀਨ ਦਾ ਮਾਲਕ ਹੋਣਾ ਜ਼ਰੂਰੀ ਨਹੀਂ, ਹਾਲਾਂਕਿ ਜ਼ਰੂਰੀ ਇਹ ਹੈ ਕਿ ਹਰ ਕਿਸਾਨ ਨੂੰ ਆਧੁਨਿਕ ਸਹੂਲਤਾਂ ਤੱਕ ਪਹੁੰਚ ਮਿਲੇ। ਸਰਕਾਰੀ ਖ਼ਰਚ ਦਾ ਰੁੱਖ ਵੀ ਬਦਲਣਾ ਚਾਹੀਦਾ ਹੈ।

ਸਸਤੀ ਖਾਦ, ਬਿਜਲੀ ਜਾਂ ਪਾਣੀ ਇਕ ਸੀਜ਼ਨ ਦਾ ਖਰਚ ਘਟਾ ਸਕਦੇ ਹਨ ਪਰ ਅਗਲੇ ਦਹਾਕੇ ਦੀ ਉਤਪਾਦਕਤਾ ਨਹੀਂ ਵਧਾਉਂਦੇ। ਇਸ ਲਈ ਵੱਧ ਸਰੋਤ ਖੋਜ, ਖੇਤੀ ਵਿਸਥਾਰ ਸੇਵਾਵਾਂ, ਪਾਣੀ ਦੀ ਕੁਸ਼ਲ ਵਰਤੋਂ, ਪਸ਼ੂ ਸਿਹਤ, ਭੰਡਾਰਣ, ਗੁਣਵੱਤਾ ਜਾਂਚ ਅਤੇ ਸਥਾਨਕ ਪ੍ਰੋਸੈਸਿੰਗ 'ਤੇ ਖ਼ਰਚੇ ਜਾਣੇ ਚਾਹੀਦੇ ਹਨ। ਨੀਤੀ ਦੀ ਕਸੌਟੀ ਸਧਾਰਨ ਹੋਣੀ ਚਾਹੀਦੀ ਹੈ ਕੀ ਇਹ ਸਹਾਇਤਾ ਸਿਰਫ ਅੱਜ ਦਾ ਸੰਕਟ ਟਾਲਦੀ ਹੈ ਜਾਂ ਕਿਸਾਨ ਦੀ ਕਮਾਈ ਦੀ ਸਮਰੱਥਾ ਵੀ ਵਧਾਉਂਦੀ ਹੈ ? ਵਿਕਾਸ ਦਾ ਦੂਜਾ ਇੰਜਣ ਉਹ ਖੇਤਰ ਹਨ, ਜਿਨ੍ਹਾਂ ਨੂੰ ਅਜੇ ਵੀ 'ਸਹਾਇਕ ਗਤੀਵਿਧੀਆਂ' ਕਿਹਾ ਜਾਂਦਾ ਹੈ। ਪਸ਼ੂ ਪਾਲਣ, ਡੇਅਰੀ, ਪੋਲਟਰੀ, ਮੱਛੀ ਪਾਲਣ, ਬਾਗਬਾਨੀ ਅਤੇ ਐਗਰੋਫਾਰੈਸਟਰੀ ਹੁਣ ਸਿਰਫ ਸਹਾਇਕ ਧੰਦੇ ਨਹੀਂ ਰਹੇ। 2024-25 ਤੱਕ ਦੇ ਦਹਾਕੇ ਵਿੱਚ ਪਸ਼ੂ ਪਾਲਣ ਦੀ ਵਿਕਾਸ ਦਰ 7.1 ਫ਼ੀਸਦੀ ਤੇ ਮੱਛੀ ਪਾਲਣ ਤੇ ਜਲ-ਖੇਤੀ ਦੀ 88 ਫ਼ੀਸਦੀ ਰਹੀ, ਜਦਕਿ ਫ਼ਸਲੀ ਖੇਤੀ ਦੀ ਵਿਕਾਸ ਦਰ 3.5 ਫ਼ੀਸਦੀ ਸੀ। ਬਾਗਬਾਨੀ ਹੁਣ ਖੇਤੀਬਾੜੀ ਦੇ ਕੁੱਲ ਮੁੱਲ (ਜੀਵੀਏ) ਦਾ ਲਗਭਗ ਇੱਕ ਤਿਹਾਈ ਹਿੱਸਾ ਹੈ। ਨੀਤੀ ਦਾ ਕੰਮ ਪੂਰੀ ਲੜੀ ਬਣਾਉਣਾ ਹੈ, ਨਾ ਕਿ ਵੱਖ-ਵੱਖ ਯੋਜਨਾਵਾਂ ਦਾ ਐਲਾਨ ਕਰਨਾ। ਤੀਜਾ ਅਤੇ ਸੰਭਾਵਤ ਤੌਰ 'ਤੇ ਸਭ ਤੋਂ ਵੱਡਾ ਮੁੱਲ ਖੇਤ ਤੋਂ ਬਾਹਰ ਪੈਦਾ ਹੁੰਦਾ ਹੈ। ਅਸੀਂ ਅਜੇ ਵੀ ਬਹੁਤ ਸਾਰਾ ਖੇਤੀ ਉਤਪਾਦ ਕੱਚੇ ਜਾਂ ਘੱਟ ਪ੍ਰੋਸੈਸ ਕੀਤੇ ਰੂਪ ਵਿੱਚ ਵੇਚਦੇ ਅਤੇ ਵਰਤਦੇ ਹਾਂ।

ਅੱਜ ਮੁੱਲ ਗ੍ਰੇਡਿੰਗ, ਕੋਲਡ ਚੇਨ, ਪ੍ਰੋਸੈਸਿੰਗ, ਪੈਕੇਜਿੰਗ, ਬ੍ਰਾਂਡਿੰਗ, ਪ੍ਰਮਾਣੀਕਰਨ, ਲੌਜਿਸਟਿਕਸ, ਰਿਟੇਲ ਅਤੇ ਬਰਾਮਦ ਰਾਹੀਂ ਬਣਦਾ ਹੈ। ਭਾਵੇਂ ਰਾਸ਼ਟਰੀ ਲੇਖਿਆਂ ਵਿੱਚ ਇਸ ਦਾ ਵੱਡਾ ਹਿੱਸਾ ਉਦਯੋਗ ਜਾਂ ਸੇਵਾ ਖੇਤਰ ਵਿੱਚ ਗਿਣਿਆ ਜਾਂਦਾ ਹੋਵੇ ਪਰ ਇਸ ਦੀ ਸ਼ੁਰੂਆਤ ਖੇਤੀ ਤੋਂ ਹੀ ਹੁੰਦੀ ਹੈ ਅਤੇ ਇਸ ਦਾ ਲਾਭ ਕਿਸਾਨ ਤੱਕ ਪਹੁੰਚਣਾ ਚਾਹੀਦਾ ਹੈ। ਇਸ ਲਈ ਦੇਸ਼ ਨੂੰ ਸਿਰਫ 'ਖੇਤੀ ਜੀਡੀਪੀ' ਤੋਂ ਅੱਗੇ ਸੋਚ ਕੇ ਇੱਕ ਵੱਡੀ ਐਗਰੀ-ਫੂਡ ਅਤੇ ਬਾਇਓ-ਇਕਾਨਮੀ ਬਣਾਉਣੀ ਚਾਹੀਦੀ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਧੂੰਏ ਦੀ ਬਜਾਏ ਬਾਇਓ ਊਰਜਾ ਬਣ ਸਕਦੀ ਹੈ। ਦੁੱਧ ਤੋਂ ਪਨੀਰ ਅਤੇ ਵਿਸ਼ੇਸ਼ ਪੋਸ਼ਣ ਉਤਪਾਦ ਬਣ ਸਕਦੇ ਹਨ। ਫ਼ਲਾਂ ਤੋਂ ਪਲਪ, ਜੂਸ ਅਤੇ ਬ੍ਰਾਂਡਿਡ ਖਾਦ ਪਦਾਰਥ ਤਿਆਰ ਹੋ ਸਕਦੇ ਹਨ। ਮੁੱਲ ਵਾਧਾ ਹੀ ਭਵਿੱਖ ਵਿੱਚ ਪੇਂਡੂ ਆਮਦਨ ਅਤੇ ਰੁਜ਼ਗਾਰ ਦਾ ਸਭ ਤੋਂ ਵੱਡਾ ਸਰੋਤ ਬਣੇਗਾ। ਨੌਜਵਾਨ ਉਦੋਂ ਹੀ ਖੇਤੀ ਨਾਲ ਜੁੜੇ ਰਹਿਣਗੇ ਜਦੋਂ ਪੇਂਡੂ ਅਰਥਵਿਵਸਥਾ ਉਨ੍ਹਾਂ ਨੂੰ ਆਮਦਨ, ਸਨਮਾਨ, ਤਕਨਾਲੋਜੀ ਅਤੇ ਅੱਗੇ ਵੱਧਣ ਦੇ ਮੌਕੇ ਦੇਵੇਗੀ, ਜਿਵੇਂ ਮਸ਼ੀਨਰੀ ਸੇਵਾ ਪ੍ਰਦਾਤਾ, ਡਰੋਨ ਆਪਰੇਟਰ, ਪਸ਼ੂ ਡਾਕਟਰ, ਫੂਡ ਟੈਕਨੋਲੋਜਿਸਟ, ਪ੍ਰੋਸੈਸਰ ਜਾਂ ਬਰਾਮਦਕਾਰ। ਮਕਸਦ ਹਰ ਨੌਜਵਾਨ ਨੂੰ ਪਰਿਵਾਰਕ ਖੇਤ 'ਤੇ ਰੱਖਣਾ ਨਹੀਂ, ਸਗੋਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਧੁਨਿਕ ਖੇਤੀ ਅਰਥਵਿਵਸਥਾ ਨਾਲ ਜੋੜ ਕੇ ਰੱਖਣਾ ਹੈ। ਜੋਖਮ ਪ੍ਰਬੰਧਨ ਵਿੱਚ ਵੀ ਬਦਲਾਅ ਦੀ ਲੋੜ ਹੈ। ਸਰਕਾਰ ਹਮੇਸ਼ਾ ਖ਼ਰੀਦਦਾਰ, ਬੀਮਾਕਰਤਾ, ਕਰਜ਼ਦਾਤਾ ਸਬਸਿਡੀ ਦੇਣ ਵਾਲੀ ਅਤੇ ਹਰ ਨੁਕਸਾਨ ਦੀ ਭਰਪਾਈ ਕਰਨ ਵਾਲੀ ਪਹਿਲੀ ਸੰਸਥਾ ਨਹੀਂ ਬਣ ਸਕਦੀ। ਉਸ ਦਾ ਮੁੱਖ ਫਰਜ਼ ਖੁਰਾਕ ਸੁਰੱਖਿਆ ਯਕੀਨੀ ਬਣਾਉਣਾ ਅਤੇ ਆਖ਼ਰੀ ਸਹਾਰਾ ਦੇਣ ਵਾਲੀ ਸੰਸਥਾ ਬਣਨਾ ਹੈ, ਜਦਕਿ ਜੋਖ਼ਮ ਭਰੋਸੇਯੋਗ ਬੀਮੇ, ਬਿਹਤਰ ਅੰਕੜਿਆਂ, ਆਫ਼ਤ ਫੰਡਾਂ ਅਤੇ ਨਿਸ਼ਾਨਾਬੱਧ ਆਮਦਨ ਸਥਿਰਤਾ ਰਾਹੀਂ ਸਾਂਝਾ ਕੀਤਾ ਜਾਣਾ ਚਾਹੀਦਾ ਹੈ। ਅਖ਼ੀਰ ਵਿੱਚ ਇੱਕ ਰਾਜਨੀਤਿਕ ਸੱਚਾਈ ਨੂੰ ਵੀ ਮੰਨਣਾ ਪਵੇਗਾ। ਕਿਸਾਨਾਂ ਦੇ ਅੰਦੋਲਨ ਸਿਰਫ਼ ਕਾਨੂੰਨ-ਵਿਵਸਥਾ ਦਾ ਮੁੱਦਾ ਨਹੀਂ ਹਨ ਪਰ ਹਰ ਅੰਦੋਲਨ ਨੂੰ ਸੁਧਾਰਾਂ 'ਤੇ ਵੀਟੋ ਦਾ ਹੱਕ ਵੀ ਨਹੀਂ ਮਿਲ ਸਕਦਾ। ਵਾਰ-ਵਾਰ ਹੋਣ ਵਾਲੇ ਅੰਦੋਲਨ ਭਰੋਸੇ ਦੀ ਕਮੀ ਨੂੰ ਦਰਸਾਉਂਦੇ ਹਨ। ਕਿਸਾਨਾਂ ਨੂੰ ਬਾਜ਼ਾਰਾਂ ਤੋਂ ਡਰ ਲੱਗਦਾ ਹੈ ਕਿਉਂਕਿ ਨੀਤੀਆਂ ਅਚਾਨਕ ਬਦਲ ਜਾਂਦੀਆਂ ਹਨ ਅਤੇ ਸਰਕਾਰਾਂ ਨੂੰ ਸੁਧਾਰਾਂ ਤੋਂ ਡਰ ਲਗਦਾ ਹੈ ਕਿਉਂਕਿ ਵਿਰੋਧ ਦੀ ਰਾਜਨੀਤਿਕ ਕੀਮਤ ਚੁਕਾਉਣੀ ਪੈਂਦੀ ਹੈ। ਬਰਾਮਦ 'ਤੇ ਪਾਬੰਦੀਆਂ, ਕਰਜ਼ ਮਾਫ਼ੀਆ ਅਤੇ ਅਚਾਨਕ ਖ਼ਰੀਦ ਨੀਤੀਆਂ ਇੱਕ ਸੀਜ਼ਨ ਲਈ ਰਾਹਤ ਦੇ ਸਕਦੀਆਂ ਹਨ ਪਰ ਲੰਬੇ ਸਮੇਂ ਦੇ ਨਿਵੇਸ਼ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਸ ਨੂੰ ਘੱਟੋ-ਘੱਟ ਦਸ ਸਾਲਾਂ ਲਈ ਇੱਕ 'ਰਾਸ਼ਟਰੀ ਖੇਤੀ ਰੂਪਾਂਤਰਨ ਸਮਝੌਤੇ' ਦੀ ਲੋੜ ਹੈ, ਜਿਸ ਵਿੱਚ ਕੇਂਦਰ, ਰਾਜ ਸਰਕਾਰਾਂ, ਕਿਸਾਨ ਸੰਸਥਾਵਾਂ, ਸਹਿਕਾਰੀ ਸੰਸਥਾਵਾਂ, ਵਿਗਿਆਨਕ ਅਦਾਰੇ ਤੇ ਉਦਯੋਗ ਮਿਲ ਕੇ ਭਾਗੀਦਾਰ ਬਣਨ। ਇਹ ਸਮਝੌਤਾ ਪਾਣੀ, ਬਾਜ਼ਾਰਾਂ, ਵਪਾਰ, ਤਕਨਾਲੋਜੀ, ਨਿਵੇਸ਼ ਤੇ ਵਾਤਾਵਰਣੀ ਤਬਦੀਲੀ ਲਈ ਸਥਿਰ ਨੀਤੀਆਂ ਪ੍ਰਦਾਨ ਕਰੇ ਅਤੇ ਨਾਲ ਹੀ ਰਾਜਾਂ ਨੂੰ ਆਪਣੀਆਂ ਫ਼ਸਲਾਂ, ਸਰੋਤਾਂ ਅਤੇ ਹਾਲਾਤਾਂ ਅਨੁਸਾਰ ਰਸਤਾ ਚੁਣਨ ਦੀ ਆਜ਼ਾਦੀ ਦੇਵੇ। ਖੇਤੀਬਾੜੀ ਕੋਈ ਡੁੱਬਦਾ ਹੋਇਆ ਖੇਤਰ ਨਹੀਂ ਹੈ ਪਰ ਇਹ ਸਿਰਫ਼ ਪੁਰਾਣੀਆਂ ਫ਼ਸਲੀ ਪ੍ਰਣਾਲੀਆਂ, ਸਬਸਿਡੀਆਂ ਅਤੇ ਰਾਜਨੀਤਿਕ ਸਮਝੌਤਿਆਂ ਨੂੰ ਜਿਉਂ ਦਾ ਤਿਉਂ ਕਾਇਮ ਰੱਖ ਕੇ ਜੀਵੰਤ ਨਹੀਂ ਰਹਿ ਸਕਦੀ। ਅਸਲ ਟੀਚਾ ਇਹ ਨਹੀਂ ਕਿ



ਲੋਕਾਂ ਨੂੰ ਖੇਤੀ ਵਿੱਚ ਹੀ ਬੰਨ੍ਹ ਕੇ ਰੱਖਿਆ ਜਾਵੇ; ਸਗੋਂ ਇਹ ਹੈ ਕਿ ਖੇਤੀ ਨਾਲ ਜੁੜਿਆ ਹਰ ਵਿਅਕਤੀ ਵੱਧ ਮੁੱਲ ਪੈਦਾ ਕਰੇ ਤੇ ਉਸ ਦਾ ਨਿਆਂਪੂਰਨ ਹਿੱਸਾ ਵੀ ਪ੍ਰਾਪਤ ਕਰੇ। ਖੇਤੀ ਰਹੇਗੀ ਪਰ ਇਸਨੂੰ ਅਜਿਹਾ ਬਣਾਉਣਾ ਪਵੇਗਾ ਕਿ ਸਾਡੀ ਅਗਲੀ ਪੀੜ੍ਹੀ ਦੇ ਕਿਸਾਨਾਂ ਲਈ ਵੀ ਇਹ ਇਕ ਸਨਮਾਨਜਨਕ ਅਤੇ ਲਾਭਕਾਰੀ ਪੇਸ਼ਾ ਬਣੀ ਰਹੇ।

(ਲੇਖਕ ਸਾਬਕਾ ਐਡੀਸ਼ਨਲ ਚੀਫ ਸੈਕਰੇਟਰੀ ਵਿਕਾਸ ਰਹੇ ਹਨ)

# ਕਰਜ਼ਾ ਸਮੱਸਿਆਵਾਂ ਦਾ ਹੋਵੇ ਪੱਕਾ ਹੱਲ

ਆਜ਼ਾਦੀ ਤੋਂ ਪਹਿਲਾਂ, ਪੇਂਡੂ ਕਰਜ਼ਾ ਪ੍ਰਣਾਲੀ ’ਤੇ ਲਗਭਗ ਪੂਰੀ ਤਰ੍ਹਾਂ ਨਿੱਜੀ ਸਾਹੂਕਾਰਾਂ ਦਾ ਦਬਦਬਾ ਸੀ, ਜੋ ਬਹੁਤ ਹੀ ਸ਼ੋਸ਼ਣਕਾਰੀ ਹਾਲਾਤਾਂ ਵਿੱਚ ਕੰਮ ਕਰਦੇ ਸਨ। ਸਰਕਾਰੀ ਸਭਾਵਾਂ ਐਕਟ 1904 ਪੇਂਡੂ ਸਥਿਰਤਾ ਨੂੰ ਕਮਜ਼ੋਰ ਕਰਦੀ ਅਤਿ-ਅਧਿਕ ਕਰਜ਼ੇਦਾਰੀ ਤੇ ਸੂਦਖੋਰੀ ਵਾਲੇ ਨਿੱਜੀ ਕਰਜ਼ੇ ਦੇ ਬਦਲ ਵਜੋਂ ਸੰਸਥਾਗਤ ਪ੍ਰਬੰਧ ਮੁਹੱਈਆ ਕਰਵਾਉਣ ਦੀ ਪਹਿਲੀ ਕੋਸ਼ਿਸ਼ ਸੀ। ਐੱਮਐੱਲ ਡਾਰਲਿੰਗ ਦੇ 1925 ਦੇ ਪ੍ਰਸਿੱਧ ਅਧਿਐਨ ‘ਖੁਸ਼ਹਾਲੀ ਤੇ ਕਰਜ਼ੇ ਵਿੱਚ ਡੁਬਿਆ ਪੰਜਾਬ ਦਾ ਕਿਸਾਨ’ ਵਿੱਚ ਸੀ ਕਿ ‘ਕਿਸਾਨ ਕਰਜ਼ੇ ਵਿੱਚ ਜਨਮ ਲੈਂਦਾ ਹੈ, ਕਰਜ਼ੇ ਵਿੱਚ ਜੀਵਨ ਬਿਤਾਉਂਦਾ ਹੈ ਤੇ ਕਰਜ਼ੇ ਵਿੱਚ ਹੀ ਮਰ ਜਾਂਦਾ ਹੈ।’ ਆਜ਼ਾਦੀ ਤੋਂ ਬਾਅਦ, ਸਹਿਕਾਰੀ ਸੰਸਥਾਵਾਂ ਨੇ ਛੋਟੀ ਅਤੇ ਮੱਧਮ ਮਿਆਦ ਦੀਆਂ ਕਰਜ਼ਾ ਲੋੜਾਂ ਲਈ ਪੇਂਡੂ ਕਰਜ਼ਾ ਵੰਡ




ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। 1969 ਵਿੱਚ ਪ੍ਰਮੁੱਖ ਵਪਾਰਕ ਬੈਂਕਾਂ ਦੇ ਰਾਸ਼ਟਰੀਕਰਨ ਨਾਲ ਦੇਸ਼ ਵਿੱਚ ਖੇਤੀਬਾੜੀ ਕਰਜ਼ੇ ਨੂੰ ਵਿਕਾਸ ਦੀ ਨੀਤੀ ਦਾ ਇੱਕ ਸਾਧਨ ਬਣਾਉਂਦੇ ਹੋਏ, ਬੈਂਕਾਂ ਨੂੰ ਪੇਂਡੂ ਖੇਤਰਾਂ ਤੱਕ ਆਪਣੀ ਪਹੁੰਚ ਵਧਾਉਣ ਅਤੇ ਸਹਿਕਾਰੀ ਕਰਜ਼ਾ ਪ੍ਰਣਾਲੀ ਨੂੰ ਪੂਰਕ ਸਹਾਇਤਾ ਦੇਣ ਦਾ ਲੋਕ-ਫ਼ਤਵਾ ਦਿੱਤਾ ਗਿਆ, ਜਿਸ ਕਰਕੇ ਪੇਂਡੂ ਖੇਤਰਾਂ ਵਿੱਚ ਬੈਂਕ ਸ਼ਾਖਾਵਾਂ ਦੀ ਗਿਣਤੀ ਤੇ ਸੰਸਥਾਗਤ ਕਰਜ਼ੇ ਵਿੱਚ ਤੇਜ਼ੀ ਨਾਲ ਵਾਧਾ ਹੋਇਆ। 1981 ਨਾਬਾਰਡ ਦੀ ਸਥਾਪਨਾ ਨਾਲ ਖੇਤੀਬਾੜੀ ਤੇ ਪੇਂਡੂ ਵਿਕਾਸ ਨੂੰ ਉਤਸ਼ਾਹਿਤ ਕਰਨ, ਪੇਂਡੂ ਕਰਜ਼ਾ ਸੰਸਥਾਵਾਂ ਨੂੰ ਮੁੜ ਵਿੱਤੀ ਸਹਾਇਤਾ (ਰੀਫਾਇਨੈਂਸ) ਪ੍ਰਦਾਨ ਕਰਨ ਤੇ ਕਰਜ਼ਾ ਯੋਜਨਾਬੰਦੀ ਨੂੰ ਵਿਕਾਸਕ ਤਰਜੀਹਾਂ ਨਾਲ ਜੋੜ ਕੇ ਵਿਕਾਸ ਕੇਂਦਰਿਤ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤੀ ਮਿਲੀ ਤੇ ਬੈਂਕਾਂ ਲਈ ਆਪਣੀ ਕੁੱਲ ਕਰਜ਼ਾ ਰਕਮ ਦਾ 18 ਫ਼ੀਸਦੀ ਖੇਤੀ ਨੂੰ ਦੇਣਾ ਲਾਜ਼ਮੀ ਕੀਤਾ ਗਿਆ। ਭਾਰਤ ਸਰਕਾਰ ਨੇ 2004 ਦੀ ਖੇਤੀਬਾੜੀ ਕਰਜ਼ਾ ਨੀਤੀ ਰਾਹੀਂ ਸੰਕਟਗ੍ਰਸਟ ਕਿਸਾਨਾਂ ਲਈ ਕਰਜ਼ੇ ਦੀ ਮੁੜ-ਰਚਨਾ, ਕਰਜ਼ੇ ਦਾ ਇੱਕ-ਮੁਸ਼ਤ ਭੁਗਤਾਨ, ਨਵੇਂ ਕਿਸਾਨਾਂ ਤੱਕ ਕਰਜ਼ੇ ਦਾ ਵਿਸਥਾਰ ਤੇ ਕਿਸਾਨ ਕ੍ਰੈਡਿਟ ਕਾਰਡ ਦੀ ਕਾਰਗੁਜ਼ਾਰੀ ਵਿੱਚ ਸੁਧਾਰਾਂ ਦੇ ਸਮਝੌਤੇ ਦੇ ਨਾਲ-ਨਾਲ ਤਿੰਨ ਸਾਲਾਂ ਦੇ ਅੰਦਰ ਕਰਜ਼ੇ ਦੇ ਪ੍ਰਵਾਹ ਨੂੰ ਦੁੱਗਣਾ ਕਰਨ ਦਾ ਸਮਝੌਤਾ ਕੀਤਾ ਗਿਆ। ਇਸ ਨਾਲ ਪਿਛਲੇ 2 ਦਹਾਕਿਆਂ ਦੌਰਾਨ ਸੰਸਥਾਗਤ ਖੇਤੀਬਾੜੀ ਕਰਜ਼ੇ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਖੇਤੀਬਾੜੀ ਲਈ ਨਕਦੀ ਪੈਸੇ ਦੀ ਵਧਦੀ ਲੋੜ ਕਾਰਨ ਖੇਤੀਬਾੜੀ ਅਰਥ ਵਿਵਸਥਾ ਵਿੱਚ ਸੰਸਥਾਗਤ ਵਿੱਤ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਖੇਤੀਬਾੜੀ ਕਰਜ਼ੇ ਦੀ ਭੂਮਿਕਾ ਛੋਟੇ ਕਿਸਾਨਾਂ ਦੀਆਂ ਕੇਵਲ ਜੀਵਨ ਨਿਰਵਾਹ ਸਬੰਧੀ ਲੋੜਾਂ ਲਈ ਕਰਜ਼ਾ ਲੈਣ ਤੱਕ ਸੀਮਤ ਨਹੀਂ ਰਹੀ। ਦਰਮਿਆਨੇ ਤੇ ਵੱਡੇ ਕਿਸਾਨ ਵੀ ਮਸ਼ੀਨੀਕਰਨ, ਸਿੰਚਾਈ, ਊਰਜਾ, ਖਾਦਾਂ, ਕੀਟਨਾਸ਼ਕਾਂ ਅਤੇ ਮਜ਼ਦੂਰੀ ਆਦਿ ਦੇ ਖ਼ਰਚੇ ਲਈ ਕਰਜ਼ੇ ’ਤੇ ਨਿਰਭਰ ਹੋ ਰਹੇ ਹਨ। ਖੇਤੀਬਾੜੀ ਖੇਤਰ ਲਈ ਸੰਸਥਾਗਤ ਕਰਜ਼ਾ ਸਾਲ 2025-26 ਦੌਰਾਨ 105.12 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ, ਜਿਹੜਾ ਕਿ 2020-21 (81.86 ਹਜ਼ਾਰ ਕਰੋੜ) ਤੋਂ 28.5 ਫ਼ੀਸਦੀ ਵੱਧ ਹੈ। ਇਸ ਵਿੱਚ ਸਰਕਾਰੀ ਖੇਤਰ ਦੇ ਬੈਂਕਾਂ ਦਾ ਹਿੱਸਾ 46.2 ਫ਼ੀਸਦੀ, ਪ੍ਰਾਈਵੇਟ ਬੈਂਕਾਂ ਦਾ 34.8 ਫ਼ੀਸਦੀ, ਖੇਤਰੀ ਪੇਂਡੂ ਬੈਂਕਾਂ ਦਾ 8.9 ਫ਼ੀਸਦੀ, ਅਤੇ ਸਹਿਕਾਰੀ ਬੈਂਕਾਂ ਦਾ 8.2 ਫ਼ੀਸਦੀ ਹੈ। ਛੋਟੀ ਮਿਆਦ ਵਾਲੇ ਫ਼ਸਲੀ ਕਰਜ਼ੇ ਅਜੇ ਵੀ ਪ੍ਰਮੁੱਖ ਹਨ (ਕੁੱਲ ਕਰਜ਼ੇ ਦਾ ਲਗਪਗ 62 ਫ਼ੀਸਦੀ ਹਿੱਸਾ), ਜਦਕਿ ਬਾਕੀ ਕਰਜ਼ਾ ਸਿੰਚਾਈ, ਮਸ਼ੀਨੀਕਰਨ ਤੇ ਦੁੱਧ ਉਤਪਾਦਨ, ਮੱਕੀ ਪਾਲਣ ਤੇ ਪੋਲਟਰੀ ਵਰਗੀਆਂ ਸਹਾਇਕ ਗਤੀਵਿਧੀਆਂ ਵਿੱਚ ਨਿਵੇਸ਼ ਲਈ ਦਿੱਤਾ ਗਿਆ ਹੈ।

ਪੰਜਾਬ ਸਰਕਾਰ ਵੱਲੋਂ 2017 ਵਿੱਚ ਸ਼ੁਰੂ ਕੀਤੀ ਗਈ ‘ਖੇਤੀਬਾੜੀ ਕਰਜ਼ਾ ਮੁਆਫ਼ੀ ਯੋਜਨਾ’ ਵਿੱਚ ਛੋਟੇ (2.5 ਤੋਂ 5 ਏਕੜ ਦੇ ਮਾਲਕ) ਤੇ ਸੀਮਾਂਤ ਕਿਸਾਨਾਂ (2.5 ਏਕੜ ਤੋਂ ਘੱਟ ਦੇ ਮਾਲਕ) ਦੇ ਸਹਿਕਾਰੀ ਸਭਾਵਾਂ ਤੇ ਵਪਾਰਕ ਬੈਂਕਾਂ ਤੋਂ ਪ੍ਰਾਪਤ ਕੀਤੇ 2 ਲੱਖ ਰੁਪਏ ਤੱਕ ਦੇ ਸੰਸਥਾਗਤ ਫ਼ਸਲੀ ਕਰਜ਼ੇ ਮਾਫ਼ ਕੀਤੇ ਗਏ ਸਨ। ਖੇਤੀ ਆਰਥਿਕ ਖੋਜ ਕੇਂਦਰ, ਪੀਏਯੂ ਦੁਆਰਾ ਇਸ ਯੋਜਨਾ ਦੇ ਲਾਭਪਾਤਰੀ ਕਿਸਾਨਾਂ ’ਤੇ ਪਏ ਪ੍ਰਭਾਵ ਦੇ ਮੁਲਾਂਕਣ ਸਮੇਂ ਪਤਾ ਲੱਗਾ ਕਿ ਲਾਭਪਾਤਰੀਆਂ ਦੇ ਮੁੱਖ ਕਿੱਤੇ ਵਿੱਚ ਕੋਈ ਤਬਦੀਲੀ ਨਹੀਂ ਆਈ ਪਰ ਇਸ ਯੋਜਨਾ ਨੇ ਕਿਸਾਨਾਂ ਨੂੰ ਆਪਣੀ ਬੱਚਤ ਦੇ ਢੰਗ ਨੂੰ ਵਧੇਰੇ ਤਰਕਸੰਗਤ ਤਰੀਕੇ ਨਾਲ ਵਿਭਿੰਨ ਬਣਾਉਣ ਵਿੱਚ ਮਦਦ ਕੀਤੀ ਤੇ ਕਰਜ਼ੇ ਦੇ ਬੋਝ ਵਿੱਚ ਕਮੀ ਆਈ। ਖੋਜ ਕੇਂਦਰ ਨੇ ਸੁਝਾਅ ਦਿੱਤਾ ਕਿ ਕਰਜ਼ਾ ਅਰਥਪੂਰਨ ਸੁਧਾਰਾਂ ਵਿੱਚ ਜੋਖਮ ਪ੍ਰਬੰਧਨ ਅਤੇ ਫ਼ਸਲੀ ਚੱਕਰ ਨੂੰ ਕਰਜ਼ੇ ਨਾਲ ਜੋੜਨਾ ਚਾਹੀਦਾ ਹੈ ਤੇ ਕਿਸਾਨਾਂ ਨੂੰ ਕਰਜ਼ੇ ਦੇ ਜਾਲ ਵਿੱਚੋਂ ਕੱਢਣ ਲਈ ਦਿੱਤੀ ਮਦਦ ਦੀ ਬਜਾਏ ਸਰਕਾਰਾਂ ਨੂੰ ਸਮੱਸਿਆ ਦੇ ਕਾਰਨਾਂ ਜਿਵੇਂ ਕਿ ਫ਼ਸਲੀ ਵਿਭਿੰਨਤਾ, ਪੇਂਡੂ ਬੈਂਕਾਂ ਤੇਸਹਿਕਾਰੀ ਸਭਾਵਾਂ ਦੀ ਕਰਜ਼ਾ ਪਹੁੰਚ ਨੂੰ ਵਧਾਉਣ, ਸੌਖਾ ਤੇ ਸਸਤਾ ਕਰਜ਼ਾ ਉਪਲਬਧ ਕਰਵਾਉਣ ਆਦਿ ’ਤੇ ਵਧੇਰੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।



**ਬੀਐੱਸ ਸਿੱਧੂ**
**ਸਾਬਕਾ ਕਮਿਸ਼ਨਰ ਐਗਰੀਕਲਚਰ**

> **ਖੇਤੀ ਲਈ ਕਿਸਾਨਾਂ ਵਿੱਚ ਨਿਰੰਤਰ ਕਰਜ਼ਦਾਰੀ ਵਧ ਰਹੀ ਹੈ ਤੇ ਗੈਰ-ਰਸਮੀ ਕਰਜ਼ੇ ’ਤੇ ਵਧਦੀ ਨਿਰਭਰਤਾ ਨਾਲ ਉਨ੍ਹਾਂ ਦਾ ਜੀਵਨ ਪੱਧਰ ਪ੍ਰਭਾਵਿਤ ਹੁੰਦਾ ਹੈ। ਇਸ ਪਾਸੇ ਵੱਡੇ ਸੁਧਾਰਾਂ ਦੀ ਲੋੜ ਹੈ।**

ਇੰਸਟੀਚਿਊਟ ਫਾਰ ਸੋਸ਼ਲ ਐਂਡ ਇਕਨਾਮਿਕ ਚੇਂਜ, ਬੈਂਗਲੁਰੂ ਦੁਆਰਾ ਕੀਤੇ ਗਏ ਕਿਸਾਨ ਕ੍ਰੈਡਿਟ ਕਾਰਡ (ਮੋਡੀਫਾਈਡ ਇੰਟਰੈਸਟ ਸਬਵੈਂਸ਼ਨ ਸਕੀਮ)

ਦੇ ਇੱਕ ਮੁਲਾਂਕਣ ਅਨੁਸਾਰ ਇਸ ਸਕੀਮ ਤਹਿਤ ਨਿਵੇਸ਼ ਕੀਤੇ ਗਏ ਹਰੇਕ ਰੁਪਏ ਨੇ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਵਿੱਚ 230 ਰੁਪਏ ਪੈਦਾ ਕੀਤੇ ਹਨ। ਇਸ ਸਕੀਮ ਤਹਿਤ ਸਰਕਾਰ ਨੇ 2024-25 ਤੱਕ ਅੰਦਾਜ਼ਨ 1.87 ਲੱਖ ਕਰੋੜ ਰੁਪਏ ਵਿਆਜ ਸਬਸਿਡੀ ਵਜੋਂ ਪ੍ਰਦਾਨ ਕੀਤੇ, ਜਿਸ ਨਾਲ ਯੋਜਨਾ ਲਈ ਉਧਾਰ ਲੈਣਾ ਆਸਾਨ ਹੋਇਆ ਹੈ। ਕਿਫਾਇਤੀ ਕਾਰਜਸ਼ੀਲ ਪੂੰਜੀ ਤੱਕ ਬਿਹਤਰ ਪਹੁੰਚ ਨੇ ਲੋੜੀਂਦੀਆਂ ਵਸਤੂਆਂ ਦੀ ਸਮੇਂ ਸਿਰ ਖ਼ਰੀਦ ਨੂੰ ਯਕੀਨੀ ਬਣਾਇਆ ਹੈ, ਜਿਸ ਕਾਰਨ ਉਤਪਾਦਕਤਾ ਵਿੱਚ ਵਾਧਾ ਹੋਇਆ ਹੈ। ਇਸ ਯੋਜਨਾ ਨੇ ਫ਼ਸਲੀ ਖੇਤੀ ਦੇ ਨਾਲ-ਨਾਲ ਡੇਅਰੀ ਪਸ਼ੂ ਧਨ ਤੇ ਮੱਛੀ ਪਾਲਣ ਨੂੰ ਉਤਸ਼ਾਹਿਤ ਕਰ ਕੇ ਆਮਦਨ ਵਿਭਿੰਨਤਾ ਵਿੱਚ ਯੋਗਦਾਨ ਪਾਇਆ ਹੈ। ਕਈ ਸਮੱਸਿਆਵਾਂ ਅਜੇ ਵੀ ਸੰਸਥਾਗਤ ਖੇਤੀ ਕਰਜ਼ੇ ਦੀ ਪ੍ਰਭਾਵਸ਼ੀਲਤਾ ਨੂੰ ਕਮਜ਼ੋਰ ਕਰ ਰਹੀਆਂ ਹਨ। ਪਹਿਲੇ ਸੰਸਥਾਗਤ ਖੇਤੀ ਕਰਜ਼ਿਆਂ ਵਿੱਚ ਪ੍ਰਭਾਵਸ਼ਾਲੀ ਵਾਧੇ ਦੇ ਬਾਵਜੂਦ ਵੱਖ-ਵੱਖ ਕਿਸਾਨ ਵਰਗਾਂ ਵਿੱਚ ਖੇਤੀਬਾੜੀ ਕਰਜ਼ੇ ਦੀ ਵੰਡ ਅਜੇ ਨਾਬਰਾਬਰ ਹੈ। ਛੋਟੇ ਤੇ ਸੀਮਾਂਤ ਕਿਸਾਨ, ਜੋ ਕੁੱਲ ਜ਼ਮੀਨੀ ਮਾਲਕੀ ਦਾ ਤਕਰੀਬਨ ਦੋ-ਤਿਹਾਈ ਹਿੱਸਾ ਹਨ, ਅਜੇ ਵੀ ਅਨੁਪਾਤਕ ਤੌਰ ’ਤੇ ਘੱਟ ਕਰਜ਼ਾ ਪ੍ਰਾਪਤ ਕਰਦੇ ਹਨ। ਰਸਮੀ ਜ਼ਮੀਨੀ ਮਾਲਕੀ ਦਸਤਾਵੇਜ਼ਾਂ ਦੀ ਘਾਟ, ਸੀਮਿਤ ਗਾਰੰਟੀ ਦੇਣ ਦੀ ਸਮਰੱਥਾ, ਘੱਟ-ਵਿੱਤੀ ਸਾਖਰਤਾ ਅਤੇ ਉੱਚ ਲੈਣ-ਦੇਣ ਲਾਗਤਾਂ ਉਨ੍ਹਾਂ ਦੀ ਸੰਸਥਾਗਤ ਵਿੱਤ ਤੱਕ ਪਹੁੰਚ ਨੂੰ ਸੀਮਿਤ ਕਰਦੀਆਂ ਹਨ। ਦੂਸਰੇ, ਗੈਰ-ਰਸਮੀ ਕਰਜ਼ਾ ਦੇਣ ਵਾਲੇ ਲੋਕ ਸੰਕਟ ਦੀਆਂ ਸਥਿਤੀਆਂ ਵਿੱਚ ਅਜੇ ਵੀ ਮਹੱਤਵਪੂਰਨ ਹਨ ਕਿਉਂਕਿ ਉਹ ਤੇਜ਼ ਤੇ ਲਚਕੀਲੀ ਸੇਵਾ ਦਿੰਦੇ ਹਨ, ਭਾਵੇਂ ਉਨ੍ਹਾਂ ਦੀ ਲਾਗਤ ਵੱਧ ਹੁੰਦੀ ਹੈ। ਅਤਿ-ਕਰਜ਼ੇਦਾਰੀ ਇੱਕ ਗੰਭੀਰ ਚਿੰਤਾ ਵਜੋਂ ਉਭਰੀ ਹੈ, ਕਿਉਂਕਿ ਬਹੁਤ ਸਾਰੇ ਕਿਸਾਨ ਸੰਸਥਾਗਤ ਸਰੋਤਾਂ ਸਣੇ ਕਈ ਥਾਵਾਂ ਤੋਂ ਲਏ ਕਰਜ਼ਿਆਂ ਨੂੰ ਇਕੱਠੇ ਸੰਭਾਲ ਰਹੇ ਹਨ। ਤੀਸਰੇ, ਮੌਸਮੀ ਤਬਦੀਲੀਆਂ, ਕੀੜਿਆਂ ਦੇ ਹਮਲੇ ਤੇ ਕੀਮਤਾਂ ਵਿੱਚ ਉਤਾਰ-ਚੜ੍ਹਾਅ ਅਕਸਰ ਖੇਤੀ ਆਮਦਨ ਵਿੱਚ ਨਾਕਾਰਾਤਮਕ ਤਬਦੀਲੀ ਪੈਦਾ ਕਰਦੇ ਹਨ, ਜਿਸ ਕਾਰਨ ਕਰਜ਼ਾ ਵਾਪਸੀ ਤੇ ਦਬਾਅ ਬਣਦਾ ਹੈ। ਭਾਵੇਂ ਫ਼ਸਲ ਦੀਆਂ ਯੋਜਨਾਵਾਂ ਮੌਜੂਦ ਹਨ ਪਰ ਕਿਸਾਨਾਂ ਤੱਕ ਪਹੁੰਚ ਵਿੱਚ ਘਾਟ, ਦਾਵਿਆਂ ਦੇ ਨਿਪਟਾਰੇ ਵਿੱਚ ਦੇਰੀ ਅਤੇ ਕਿਸਾਨਾਂ ਵਿੱਚ ਸੀਮਿਤ ਜਾਗਰੂਕਤਾ ਪ੍ਰਭਾਵ ਨੂੰ ਘਟਾ ਦਿੰਦੇ ਹਨ। ਪ੍ਰਸ਼ਾਸਨਿਕ ਨਾਕਾਮੀਆਂ, ਰਾਜਨੀਤਿਕ ਦਖਲਅੰਦਾਜ਼ੀ, ਜਮ੍ਹਾਂ ਕਰਨ ਵਾਲਿਆਂ ਦੇ ਭਰੋਸੇ ਵਿੱਚ ਕਮੀ ਤੇ ਸੰਸਥਾਗਤ ਰੁਕਾਵਟ ਜਿਵੇਂ ਕਿ ਸਖ਼ਤ ਵਸੂਲੀ ਪ੍ਰਕਿਰਿਆਵਾਂ, ਕਰਜ਼ਾਜਾਰੀ ਕਰਨ ਵਿੱਚ ਦੇਰੀ, ਆਦਿ ਖੇਤੀ ਕਰਜ਼ੇ ਦੇ ਵਿਕਾਸਮੁੱਖੀ ਪ੍ਰਭਾਵ ਨੂੰ ਕਮਜ਼ੋਰ ਕਰਦੀਆਂ ਹਨ।

ਕਰਜ਼ਾ ਪ੍ਰਵਾਹ ਵਿੱਚ ਹੋਇਆ ਹਾਲੀਆ ਵਾਧਾ ਇਸ ਖੇਤਰ ਪ੍ਰਤੀ ਨਵੀਂ ਵਚਨਬੱਧਤਾ ਨੂੰ ਦਰਸਾਉਂਦਾ ਹੈ। ਫਿਰ ਵੀ, ਖੇਤੀਬਾੜੀ ਵਿੱਤ ਨੂੰ ਮਜ਼ਬੂਤ ਕਰਨ ਲਈ ਹੁਣ ਕਰਜ਼ੇ ਦੇ ਵਿਸਥਾਰ ਤੋਂ ਕਰਜ਼ੇ ਦੀ ਪ੍ਰਭਾਵਸ਼ੀਲਤਾ ਵੱਲ ਗੁਣਾਤਮਕ ਬਦਲਾਅ ਦੀ ਲੋੜ ਹੈ। 2026 ਵਿੱਚ ਭਾਰਤੀ ਰਿਜ਼ਰਵ ਬੈਂਕ ਦੀ ਵਿੱਤੀ ਰਲੇਵੇਂ ਲਈ ਰਾਸ਼ਟਰੀ ਰਣਨੀਤੀ ਦੇ ਅਨੁਸਾਰ ਕਰਜ਼ਾ ਪਹੁੰਚ ਦੀ ਇਕਸਾਰਤਾ, ਆਖਰੀ ਮੀਲ ਪਹੁੰਚ ਦੀ ਗੁਣਵੱਤਾ ਵਿੱਚ ਸੁਧਾਰ, ਡਿਜੀਟਲ ਭੁਗਤਾਨ ਈਕੋ ਸਿਸਟਮ ਦਾ ਵਿਸਥਾਰ, ਲਿੰਗ ਸੰਵੇਦਨਸ਼ੀਲ ਪਹੁੰਚ ਅਪਣਾਉਣ ਤੇ ਰੋਜ਼ੀ-ਰੋਟੀ ਲਈ ਹੁਨਰ ਤੇ ਵਿਕਾਸ ਦਾ ਤਾਲਮੇਲ ਲੈਣ-ਦੇਣ ਦੀ ਲਾਗਤ ਘਟਾਉਣ ਤੇ ਪਾਰਦਸ਼ਤਾ ਵਧਾਉਣ ਦੀ ਵੱਡੀ ਸੰਭਾਵਨਤਾ ਰੱਖਦੇ ਹਨ। ਲਗਾਤਾਰ ਵੱਧਦੀ ਕਰਜ਼ਦਾਰੀ, ਗੈਰ-ਰਸਮੀ ਕਰਜ਼ੇ ਤੇ ਨਿਰੰਤਰ ਨਿਰਭਰਤਾ, ਖੇਤਰੀ ਅਸਮਾਨਤਾਵਾਂ ਤੇ ਸੰਸਥਾਗਤ ਕਮਜ਼ੋਰੀਆਂ ਸੰਕੇਤ ਦਿੰਦੀਆਂ ਹਨ ਕਿ ਅਜੇ ਹੋਰ ਸੁਧਾਰਾਂ ਦੀ ਲੋੜ ਹੈ। ਖੇਤੀਬਾੜੀ ਵਿੱਤ ਦਾ ਦੇਸ਼ ਦੀ ਵਿਕਾਸ ਰਣਨੀਤੀ ਵਿੱਚ ਕੇਂਦਰੀ ਸਥਾਨ ਹੈ। ਭਾਰਤੀ ਖੇਤੀਬਾੜੀ ਢਾਂਚਾਗਤ ਸਮੱਸਿਆਵਾਂ ਨਾਲ ਜੂਝ ਰਹੀ ਹੈ। ਇਸ ਵਿੱਚ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਬਹੁਤਾਤ ਹੈ, ਜੋ ਜਲਵਾਯੂ ਅਨਿਸ਼ਚਿਤਤਾ, ਅਸਥਿਰ ਬਾਜ਼ਾਰਾਂ, ਵਧਦੀਆਂ ਉਤਪਾਦਨ ਲਾਗਤਾਂ, ਘਟਦੇ ਲਾਭ ਤੇ ਵਧੀਆ ਆਮਦਨੀ ਵਾਲੇ ਗੈਰ-ਖੇਤੀ ਰੋਜ਼ਗਾਰ ਦੇ ਸੀਮਿਤ ਮੌਕਿਆਂ ਵਰਗੀਆਂ ਸਥਿਤੀਆਂ ਵਿੱਚ ਖੇਤੀ ਕਰਦੇ ਹਨ। ਇੱਕ ਮਜ਼ਬੂਤ ਖੇਤੀਬਾੜੀ ਵਿੱਤੀ ਪ੍ਰਣਾਲੀ ਹੀ ਦੇਸ਼ ਵਿੱਚ ਸਮਾਜਿਕ ਸਥਿਰਤਾ, ਟਿਕਾਊ ਵਿਕਾਸ ਅਤੇ ਪੇਂਡੂ ਖੁਸ਼ਹਾਲੀ ਦੇ ਪ੍ਰੇਰਕ ਵਜੋਂ ਇੱਕ ਸਾਰਥਿਕ ਭੂਮਿਕਾ ਨਿਭਾਅ ਸਕੇਗੀ।

## ਦੁਨੀਆਂ ਦਾ ਪਿਆਜ਼ ਹੱਬ ਕਿੱਥੇ ਹੈ?

ਪਿਆਜ਼ ! ਇਹ ਖਾਣਾ ਪਕਾਉਣ ਵਿੱਚ, ਫੂਡ ਪ੍ਰੋਸੈਸਿੰਗ ਵਿੱਚ, ਮਸਾਲੇ ਤਿਆਰ ਕਰਨ ਵਿੱਚ ਅਤੇ ਹੱਦ ਤਾਂ ਇਹ ਹੈ ਕਿ ਪ੍ਰੋਸੈਸਡਟ ਫੂਡ ਵਿੱਚ ਵੀ ਵਰਤਿਆ ਜਾਂਦਾ ਹੈ। ਕੱਚਾ ਪਿਆਜ਼ ਸਲਾਦ ਦੇ ਤੌਰ ’ਤੇ ਵੀ ਖਾਧਾ ਜਾਂਦਾ ਹੈ ਅਤੇ ਇਸ ਨੂੰ ਚਾਟ ਆਦਿ ਵਿੱਚ ਪਾ ਕੇ ਵੀ ਵਾਧਾ ਜਾਂਦਾ ਹੈ। ਅਲੱਗ-ਅਲੱਗ ਤਰੀਕਿਆਂ ਨਾਲ ਇਸ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਲਈ ਇਹ ਸਭ ਤੋਂ ਜ਼ਿਆਦਾ ਖਾਣ ਵਾਲੀ ਸਬਜ਼ੀ ਹੈ।


ਭਾਰਤ ਦੇ ਮਹਾਰਾਸ਼ਟਰ ਰਾਜ ਵਿੱਚ ਸਥਿਤ ਨਾਸਿਕ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਪਿਆਜ਼ ਦੀ ਮੰਡੀ (ਹੱਬ) ਆਖਿਆ ਗਿਆ ਹੈ।

ਨਾਸਿਕ ਵਿੱਚ ਪਿਆਜ਼ ਦਾ ਬਹੁਤ ਵੱਡਾ ਬਾਜ਼ਾਰ ਹੈ, ਜਿੱਥੋਂ ਵਪਾਰੀ ਥੋਕ ਵਿੱਚ ਪਿਆਜ਼ ਖਰੀਦਦੇ ਹਨ ਅਤੇ ਫਿਰ ਪੂਰੇ ਭਾਰਤ ਵਿੱਚ ਅਤੇ ਕੁਝ ਹੋਰ ਦੇਸ਼ਾਂ ਵਿੱਚ ਭੇਜਦੇ ਹਨ। ਦਰਅਸਲ ਨਾਸਿਕ ਦਾ ਮੌਸਮ ਅਤੇ ਉਸ ਦੀ ਉਪਜਾਊ ਜ਼ਮੀਨ ਪਿਆਜ਼ ਦੀ ਖੇਤੀ ਕਰਨ ਲਈ ਬਹੁਤ ਲਾਹੇਵੰਦ ਹੈ।

ਭਾਰਤ ਵਿੱਚ ਤਾਂ ਨਾਸਿਕ ਹੀ ਸਭ ਤੋਂ ਜ਼ਿਆਦਾ ਪਿਆਜ਼ ਦਾ ਉਤਪਾਦਨ ਕਰਦਾ ਹੈ, ਪਰ ਮਹਾਰਾਸ਼ਟਰ ਵਿੱਚ ਪੁਣੇ ਅਤੇ ਗੁਜਰਾਤ ਦਾ ਅਹਿਮਦਾਬਾਦ ਵੀ ਪਿਆਜ਼ ਦਾ ਚੰਗਾ ਉਤਪਾਦਨ ਕਰਦੇ ਹਨ।

ਮਹਾਰਾਸ਼ਟਰ ਭਾਰਤ ਵਿੱਚ ਤਾਂ ਇਸ ਸੰਦਰਭ ਵਿੱਚ ਪਹਿਲੇ ਸਥਾਨ ’ਤੇ ਹੈ, ਪਰ ਦੁਨੀਆਂ ਵਿੱਚ ਮਹਾਰਾਸ਼ਟਰ ਜਾਂ ਫਿਰ ਭਾਰਤ ਪਹਿਲੇ ਸਥਾਨ ’ਤੇ ਨਹੀਂ ਹੈ।

ਆਪਣੀ ਵਿਸ਼ਾਲ ਖੇਤੀ ਜ਼ਮੀਨ ਅਤੇ ਵਿਕਸਿਤ ਤਕਨੀਕ ਦੇ ਕਾਰਨ ਚੀਨ ਸਭ ਤੋਂ ਜ਼ਿਆਦਾ ਪਿਆਜ਼ ਉਤਪਾਦਨ ਕਰਦਾ ਹੈ ਅਤੇ ਵਿਸ਼ਵ ਨੂੰ



ਪਿਆਜ਼ ਸਪਲਾਈ ਕਰਨ ਵਾਲਾ ਮੁੱਖ ਖਿਡਾਰੀ ਹੈ। ਪਿਆਜ਼ ਉਤਪਾਦਨ ਵਿੱਚ ਗਲੋਬਲੀ ਭਾਰਤ ਦਾ ਚੀਨ ਤੋਂ ਬਾਅਦ ਦੂਸਰਾ ਦਰਜਾ ਹੈ।

ਪਿਆਜ਼ ਦੀਆਂ ਚਾਰ ਕਿਸਮਾਂ ਹੁੰਦੀਆਂ ਹਨ। ਸਭ ਤੋਂ ਆਮ ਤਾਂ ਲਾਲ ਪਿਆਜ਼ ਹੈ, ਪਰ ਇਸ ਤੋਂ ਇਲਾਵਾ ਹੋਰ ਵੀ ਕਿਸਮਾਂ ਹਨ, ਜਿਵੇਂ ਚਿੱਟਾ ਪਿਆਜ਼, ਪੀਲਾ ਪਿਆਜ਼ ਅਤੇ ਛੋਟਾ ਪਿਆਜ਼।

- ਨੈਨਤਾਰਾ



# ਅਮਰੂਦ ਖਾਓ, ਸਿਹਤ ਬਣਾਓ ਅਤੇ ਬਿਮਾਰੀਆਂ ਭਜਾਓ

ਅਮਰੂਦਾਂ ਦੇ ਫਲ ਨੂੰ ਗਰੀਬਾਂ ਦਾ ਸੇਬ ਕਿਹਾ ਜਾਂਦਾ ਹੈ। ਯੂਰਪੀਨ ਕਹਾਵਤ ਅਨੁਸਾਰ, "An apple in a day keeps the doctor away", ਪਰ ਭਾਰਤ ਵਿੱਚ ਕਿਹਾ ਜਾਂਦਾ ਹੈ ਕਿ, "A few guavas in the season, keep the doctor away the whole year." ਅਮਰੂਦ



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

ਦਾ ਫਲ ਖਾਣ ਤੋਂ ਇਲਾਵਾ ਇਸ ਤੋਂ ਜੈਮ, ਜੂਸ, ਲੈਦਰ, ਨੈਕਟਰ ਆਦਿ ਆਸਾਨੀ ਨਾਲ ਬਣਾਏ ਜਾ ਸਕਦੇ ਹਨ।

ਪੰਜਾਬ ਵਿਚ ਅਮਰੂਦਾਂ ਦੇ ਫਲ ਦਾ ਰਕਬਾ ਨਿੰਬੂ ਜਾਤੀ (ਸਿਟਰਸ) ਤੋਂ ਬਾਅਦ ਦੂਜੇ ਨੰਬਰ ਤੇ ਹੈ। ਪੰਜਾਬ ਵਿੱਚ ਅਮਰੂਦਾਂ ਅਧੀਨ ਰਕਬਾ ਸਭ ਤੋਂ ਵੱਧ



ਪਟਿਆਲਾ ਜ਼ਿਲ੍ਹੇ ਵਿਚ ਹੈ, ਇਸ ਤੋਂ ਬਿਨਾਂ ਲੁਧਿਆਣਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਜਲੰਧਰ, ਬਠਿੰਡਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਵੀ ਕਾਸ਼ਤ ਕੀਤੀ ਜਾਂਦੀ ਹੈ। ਇਸ ਨੂੰ ਮੈਦਾਨੀ ਇਲਾਕਿਆਂ ਤੋਂ ਇਲਾਵਾ ਉੱਚੀਆਂ ਪਹਾੜੀਆਂ ਤੱਕ ਵੀ ਉਗਾਇਆ ਜਾ ਸਕਦਾ ਹੈ। ਅਮਰੂਦ ਹਰ ਤਰ੍ਹਾਂ ਦੀ ਮਿੱਟੀ ਵਿਚ ਪੈਦਾ ਕੀਤਾ ਜਾ ਸਕਦਾ ਹੈ। ਇਹ 6.5 pH ਤੋਂ 8.7 pH ਸਹਾਰ ਸਕਦਾ ਹੈ।

ਵਿਗਿਆਨੀਆਂ ਅਨੁਸਾਰ ਅਮਰੂਦ ਦਾ ਫਲ ਸੇਬ ਦੇ ਫਲ ਤੋਂ ਵੀ ਗੁਣਕਾਰੀ ਪਾਇਆ ਗਿਆ ਹੈ। ਪਰ ਆਮ ਲੋਕਾਂ ਨੂੰ ਇਸ ਦੀ ਮਹੱਤਤਾ ਬਾਰੇ ਪੂਰਾ ਗਿਆਨ ਨਹੀਂ ਹੈ ਅਤੇ ਇਸ ਨੂੰ ਦੇਸੀ ਜਿਹਾ ਫਰੂਟ ਸਮਝਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਬਾਗਬਾਨੀ ਵਿਭਾਗ ਪੰਜਾਬ ਵੱਲੋਂ ਅਮਰੂਦ ਦੇ ਫਲ ਦੀ ਮਹੱਤਤਾ ਬਾਰੇ ਜਾਣਕਾਰੀ ਵੱਖ-ਵੱਖ ਮਾਧਿਅਮਾਂ ਰਾਹੀਂ ਮੁਹੱਈਆ ਕੀਤੀ ਜਾ ਰਹੀ ਹੈ। ਪੀ. ਏ. ਯੂ. ਲੁਧਿਆਣਾ ਵੱਲੋਂ ਯੂਨਾਈਟਿਡ ਸਟੇਟਜ਼ ਦੇ ਖੇਤੀਬਾੜੀ ਵਿਭਾਗ ਦੇ ਡਾਟੇ ਇਕੱਠੇ ਕੀਤੇ ਅਤੇ ਦੇਖਿਆ ਗਿਆ ਕਿ ਹੇਠ ਲਿਖੇ ਅਨੁਸਾਰ (ਸਾਰਣੀ-1) ਅਮਰੂਦ ਫਲ ਦੇ ਤੱਤ ਸੇਬ ਦੇ ਫਲ ਤੋਂ ਵੀ ਬਹੁਤ ਜ਼ਿਆਦਾ ਹਨ।

ਇੰਡੀਅਨ ਇੰਸਟੀਚਿਊਟ ਆਫ ਸਬਟਰੋਪੀਕਲ ਹਾਰਟੀਕਲਚਰ, ਰਹਿਮਾਨ ਖੇੜਾ, ਲਖਨਊ (ਉੱਤਰ ਪ੍ਰਦੇਸ਼) ਅਨੁਸਾਰ ਅਮਰੂਦਾਂ ਦਾ ਫਲ ਗੁਣਾਂ ਦੀ ਗੁਥਲੀ ਹੈ ਅਤੇ ਇਸ ਦੇ ਖਾਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਠੀਕ ਹੁੰਦੀਆਂ ਹਨ :

1. ਇਸ ਦੇ ਫਲ ਵਿਚ ਫਾਈਬਰ ਬਹੁਤ ਹੁੰਦੀ ਹੈ, ਇਸ ਲਈ ਕਬਜ਼ ਦੀ ਰੋਕਥਾਮ ਕਰਦਾ ਹੈ।

2. ਜੇਕਰ ਕਿਸੇ ਵਿਅਕਤੀ ਨੂੰ ਠੰਡ ਲੱਗੀ ਹੋਵੇ ਜਾਂ ਖੰਘ ਹੋਵੇ ਤਾਂ ਕੱਚਾ ਅਮਰੂਦ ਖਾਣ ਨਾਲ ਠੀਕ ਹੋ ਜਾਂਦੀ ਹੈ, ਕਿਉਂਕਿ ਇਸ ਵਿਚ ਮੌਜੂਦ ਆਇਰਨ ਅਤੇ ਵਿਟਾਮਿਨ ਸੀ ਠੰਡ ਤੋਂ ਬਚਾਅ ਕਰਦੇ ਹਨ ਅਤੇ ਵਾਇਰਲ ਇੰਨਫੈਕਸ਼ਨ ਦੂਰ ਕਰਦਾ ਹੈ।

3. ਇਹ ਬਲੱਡ ਕੋਲੈਸਟਰੋਲ ਨੂੰ ਘੱਟ ਕਰਦਾ ਹੈ, ਇਸ ਲਈ ਹਾਈ ਬਲੱਡ ਪ੍ਰੈਸ਼ਰ ਦੀ ਰੋਕਥਾਮ ਕਰਦਾ ਹੈ।

4. ਅਮਰੂਦ ਖਾਣ ਨਾਲ ਆਪਣਾ ਭਾਰ ਘਟਾਇਆ ਜਾ ਸਕਦਾ ਹੈ।

5. ਲਗਾਤਾਰ ਅਮਰੂਦ ਖਾਣ ਨਾਲ ਚਿਹਰੇ ਉੱਤੇ ਚਮਕ ਆਉਂਦੀ ਹੈ।

6. ਅਮਰੂਦ ਦੇ ਫਲ ਵਿਚ ਲਾਈਕੋਪੀਨ ਹੁੰਦੀ ਹੈ, ਜਿਸ ਕਰਕੇ ਕੈਂਸਰ ਤੋਂ ਬਚਾਅ ਕੀਤਾ ਜਾ ਸਕਦਾ ਹੈ।

7. ਅਮਰੂਦ ਵਿਚ ਐਂਟੀਏਜਿੰਗ ਗੁਣ ਹੁੰਦੇ ਹਨ ਜਿਸ ਨਾਲ ਬੁਢਾਪਾ ਨੇੜੇ ਨਹੀਂ ਆਉਂਦਾ।

8. ਇਸ ਦਾ ਫਲ ਸ਼ੂਗਰ ਦੇ ਮਰੀਜ਼ਾਂ ਲਈ ਬਹੁਤੇ ਲਾਹੇਵੰਦ ਹੈ ਕਿਉਂਕਿ ਇਹ ਬਲੱਡ ਗੁਲੂਕੋਜ਼ ਲੈਵਲ ਘੱਟ ਕਰਦਾ ਹੈ।

ਸਾਰਣੀ-1 : ਮਾਤਰਾ ਪ੍ਰਤੀ 100 ਗ੍ਰਾਮ

| ਲ.ਨੰ. | ਤੱਤ | ਸੇਬ | ਅਮਰੂਦ |
|---|---|---|---|
| 1. | ਪੋਟਾਸ਼ੀਅਮ | 107 ਮਿਲੀਗ੍ਰਾਮ | 417 ਮਿਲੀਗ੍ਰਾਮ |
| 2. | ਫਾਸਫੋਰਸ | 11 ਮਿਲੀਗ੍ਰਾਮ | 40 ਮਿਲੀਗ੍ਰਾਮ |
| 3. | ਮੈਗਨੀਸ਼ੀਅਮ | 5 ਮਿਲੀਗ੍ਰਾਮ | 22 ਮਿਲੀਗ੍ਰਾਮ |
| 4. | ਵਿਟਾਮਿਨ ਸੀ | 4.6 ਮਿਲੀਗ੍ਰਾਮ | 228.3 ਮਿਲੀਗ੍ਰਾਮ |
| 5. | ਫਾਈਬਰ | 2.4 ਗ੍ਰਾਮ | 5.4 ਗ੍ਰਾਮ |
| 6. | ਵਿਟਾਮਿਨ ਈ | 0.18 ਮਿਲੀਗ੍ਰਾਮ | 0.73 ਮਿਲੀਗ੍ਰਾਮ |
| 7. | ਵਿਟਾਮਿਨ ਏ | 54 ਆਈ ਯੂ | 624 ਆਈ ਯੂ |
| 8. | ਵਿਟਾਮਿਨ ਬੀ3 | 0.09 ਮਿਲੀਗ੍ਰਾਮ | 1.084 ਮਿਲੀਗ੍ਰਾਮ |

9. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਆਇਓਡੀਨ ਨਹੀਂ ਹੁੰਦੀ ਪਰ ਕਾਪਰ ਕਾਫੀ ਮਾਤਰਾ ਵਿਚ ਹੁੰਦਾ ਹੈ। ਕਾਪਰ ਥਾਇਰੋਇਡ ਮੈਟਾਬਾਲਿਜ਼ਮ ਵਿਚ ਬਹੁਤ ਜ਼ਰੂਰੀ ਰੋਲ ਨਿਭਾਉਂਦਾ ਹੈ।

10. ਇਸ ਦੇ ਫਲ ਵਿਚ ਬਹੁਤ ਮਾਤਰਾ ਵਿਚ ਫੋਲੇਟ ਹੁੰਦਾ ਹੈ ਜਿਸ ਕਰਕੇ ਫਰਟੇਲਿਟੀ ਵਧਾਉਂਦਾ ਹੈ।

11. ਅਮਰੂਦ ਫਲ ਵਿਚ ਵਿਟਾਮਿਨ ਬੀ-3 ਅਤੇ ਬੀ-6 ਹੋਣ ਕਰਕੇ ਦਿਮਾਗ ਦੇ ਕੰਮ ਕਰਨ ਦੀ ਸਮਰੱਥਾ ਵਧਾਉਂਦਾ ਹੈ।

12. ਅਮਰੂਦ ਦੇ ਪੱਤੇ ਦੰਦਾਂ ਦੇ ਦਰਦ, ਸੁੱਜੇ ਹੋਏ ਮਸੂੜੇ ਅਤੇ ਮੂੰਹ ਦੇ ਛਾਲਿਆਂ ਨੂੰ ਵੀ ਠੀਕ ਕਰਦੇ ਹਨ।

13. ਇਸ ਦੇ ਫਲ ਔਰਤਾਂ ਵਿਚ ਮੈਨਸੁਰੇਸ਼ਨ ਸਮੇਂ ਨੂੰ ਘੱਟ ਕਰਨ ਦੀ ਸਮਰੱਥਾ ਰੱਖਦਾ ਹੈ।

ਅਮਰੂਦ ਦਾ ਫਲ ਲਗਭਗ ਸਾਰਾ ਸਾਲ ਹੀ ਉਪਲਬਧ ਰਹਿੰਦਾ ਹੈ। ਇਸ ਲਈ ਇਸ ਦੀ ਵਰਤੋਂ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ। ਮੈਂ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਹਰ ਵਿਅਕਤੀ ਨੂੰ ਆਪਣੀ ਘਰੇਲੂ ਬਗੀਚੀ, ਟਿਊਬਵੈੱਲ ਜਾਂ ਖੇਤ ਵਿਚ ਅਮਰੂਦਾਂ ਦੇ ਪੌਦੇ ਲਗਾ ਲੈਣੇ ਚਾਹੀਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਪੰਜਾਬ ਵਿਚ ਇਲਾਹਾਬਾਦੀ ਸਫੈਦਾ, ਲਖਨਊ-49 (ਐਲ-49), ਪੰਜਾਬ ਸਫੈਦਾ, ਪੰਜਾਬ ਕਿਰਨ, ਸ਼ਵੇਤਾ, ਪੰਜਾਬ ਪਿੰਕ, ਐਪਲ ਗੁਆਵਾ ਅਤੇ ਹਿਸਾਰ ਸਫੈਦਾ ਵਰਾਇਟੀਆਂ ਲਗਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਬੂਟੇ ਅਗਸਤ ਤੋਂ ਅਕਤੂਬਰ ਅਤੇ ਫਰਵਰੀ ਤੇ ਮਾਰਚ ਮਹੀਨੇ ਤੱਕ ਲਗਾਏ ਜਾ ਸਕਦੇ ਹਨ। ਵਧੀਆ ਕੁਆਲਟੀ ਦੇ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬ ਬਾਗਬਾਨੀ ਵਿਭਾਗ ਜਾਂ ਨੈਸ਼ਨਲ ਬਾਗਬਾਨੀ ਬੋਰਡ ਤੋਂ ਪ੍ਰਵਾਨਤ ਨਰਸਰੀਆਂ ਤੋਂ ਹੀ ਖ੍ਰੀਦਣੇ ਚਾਹੀਦੇ ਹਨ।

# ਕੋਲੰਬੀਆ ਨੇ 8,80,000 ਬੂਟੇ ਲਾ ਕੇ ਘੱਟ ਕੀਤਾ ਤਾਪਮਾਨ

ਦੁਨੀਆਂ ਵਿੱਚ ਇੱਕ ਅਜਿਹਾ ਸ਼ਹਿਰ ਵੀ ਹੈ, ਜਿੱਥੇ ਬੂਟੇ ਲਾਉਣ ਦੀ ਪਹਿਲਕਦਮੀ ਨੇ ਤਾਪਮਾਨ ਨੂੰ ਕਈ ਡਿਗਰੀ ਤੱਕ ਘਟਾ ਦਿੱਤਾ ਹੈ। ਅਜਿਹਾ ਕੋਲੰਬੀਆ ਦੇ ਮੇਡੇਲਿਨ ਸ਼ਹਿਰ ਵਿੱਚ ਹੋਇਆ ਹੈ। 2013 ਵਿੱਚ ਇੱਥੇ ਕੰਕਰੀਟ ਦੀਆਂ ਸੜਕਾਂ ਦੇ ਦੋਵੇਂ ਪਾਸੇ ਬਸ ਉੱਚੀਆਂ-ਉੱਚੀਆਂ ਕੱਚ ਦੀਆਂ ਇਮਾਰਤਾਂ ਹੀ ਨਜ਼ਰ ਆਉਂਦੀਆਂ ਸਨ। ਇੱਥੇ ਗ੍ਰੀਨ ਕਾਰੀਡੋਰ ਪ੍ਰਜੈਕਟ ਲਾਂਚ ਹੋਇਆ ਅਤੇ 10 ਸਾਲਾਂ ਵਿੱਚ 8,80,000 ਬੂਟੇ ਲਾ ਕੇ ਤਾਪਮਾਨ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ।

## ਮੇਡੇਲਿਨ ਦੀ ਕ੍ਰਾਂਤੀ ਨੇ ਦੁਨੀਆਂ ਦਾ ਧਿਆਨ ਖਿੱਚਿਆ

ਮੇਡੇਲਿਨ ਸਿਟੀ ਗਵਰਨਮੈਂਟ ਦੇ ਅਨੁਸਾਰ ਸ਼ਹਿਰ ਦਾ ਤਾਪਮਾਨ ਗ੍ਰੀਨ ਕਾਰੀਡੋਰ ਪ੍ਰੋਜੈਕਟ ਨਾਲ ਲਗਭਗ 4 ਡਿਗਰੀ ਸੈਲਸੀਅਸ ਤੱਕ ਘਟਿਆ ਹੈ। ਪਹਿਲਾਂ ਇੱਥੇ ਦਾ ਔਸਤ ਹਵਾ ਦਾ ਤਾਪਮਾਨ 31 ਡਿਗਰੀ ਸੈਲਸੀਅਸ ਰਹਿੰਦਾ ਸੀ, ਜੋ ਹੁਣ 27 ਡਿਗਰੀ ਸੈਲਸੀਅਸ ਹੈ। ਉੱਥੇ ਹੀ ਸੜ੍ਹਾ ਦਾ ਤਾਪਮਾਨ 40.5 ਡਿਗਰੀ ਸੈਲਸੀਅਸ ਤੋਂ ਘਟ ਕੇ 30.2 ਡਿਗਰੀ ਸੈਲਸੀਅਸ ਤੱਕ ਆ ਗਿਆ ਹੈ। ਖੁਦ ਯੂਨਾਈਟਿਡ ਨੈਸ਼ਨਜ਼ ਐਨਵਾਇਰਮੈਂਟ ਪ੍ਰੋਗਰਾਮ ਨੇ ਵੀ ਇਸ ਦੀ ਸ਼ਲਾਘਾ ਕੀਤੀ ਹੈ।

## ਕੋਲੰਬੀਆ ਦਾ ਦਿਲ ਹੈ ਮੇਡੇਲਿਨ

ਮੇਡੇਲਿਨ ਸ਼ਹਿਰ ਕੋਲੰਬੀਆ ਦੇ ਉੱਤਰ-ਪੱਛਮ ਵਿੱਚ ਸਥਿਤ ਹੈ। ਇਸ ਸ਼ਹਿਰ ਨੂੰ ਸਦਾਬਹਾਰ ਬਸੰਤ ਦਾ ਸ਼ਹਿਰ ਵੀ ਕਹਿੰਦੇ ਹਨ, ਕਿਉਂਕਿ ਹੁਣ ਇੱਥੇ ਦਾ




ਮੌਸਮ ਸਾਲ ਭਰ ਸੁਹਾਵਣਾ ਰਹਿੰਦਾ ਹੈ। ਸ਼ਹਿਰ ਵਿੱਚ 40 ਲੱਖ ਤੋਂ ਵੱਧ ਲੋਕ ਰਹਿੰਦੇ ਹਨ ਅਤੇ ਜੀ. ਡੀ. ਪੀ. ਲਗਭਗ 35 ਅਰਬ ਡਾਲਰ ਹੈ। ਕਦੇ ਇਹ ਸ਼ਹਿਰ ਡਰੱਗ ਕਾਰਟੇਲ ਲਈ ਬਦਨਾਮ ਸੀ। 21ਵੀਂ ਸਦੀ ਵਿੱਚ ਸ਼ਹਿਰ ਨੇ ਖੁਦ ਨੂੰ ਬਦਲਿਆ ਅਤੇ ਹੁਣ ਇਹ ਸ਼ਹਿਰੀ ਯੋਜਨਾਬੰਦੀ ਕਾਰਨ ਦੁਨੀਆਂ ਭਰ ਵਿੱਚ ਪਛਾਣਿਆ ਜਾ ਰਿਹਾ ਹੈ। ਅਰਬਨ ਲੈਂਡ ਇੰਸਟੀਚਿਊਟ ਵੱਲੋਂ ਇਸ ਸ਼ਹਿਰ ਨੂੰ ਦੁਨੀਆਂ ਦਾ ਸਭ ਤੋਂ ਇਨੋਵੇਟਿਵ ਸ਼ਹਿਰ ਐਲਾਨਿਆ ਜਾ ਚੁੱਕਾ ਹੈ।

## ਐਮਰਜੈਂਸੀ ਬਣ ਰਹੀ ਸੀ ਗਰਮੀ

ਮੇਡੇਲਿਨ ਵਿੱਚ ਗਰਮੀ ਇੱਕ ਸਮੱਸਿਆ ਨਹੀਂ, ਬਲਕਿ ਐਮਰਜੈਂਸੀ ਬਣਦੀ ਜਾ ਰਹੀ ਸੀ। ਸ਼ਹਿਰ ਵਿੱਚ ਪੀ. ਐਮ. 2.5 ਦਾ ਪੱਧਰ ਵੱਧ ਰਿਹਾ ਸੀ। 2020



ਵਿੱਚ ਅੰਤੀਓਕੀਆ ਯੂਨੀਵਰਸਿਟੀ ਦੇ ਇੱਕ ਅਧਿਐਨ ਨੇ ਸਿੱਟਾ ਕੱਢਿਆ ਕਿ 2016 ਵਿੱਚ ਅਬੁਰਾ ਘਾਟੀ ਖੇਤਰ ਵਿੱਚ ਪ੍ਰਦੂਸ਼ਣ ਕਾਰਨ 1,971 ਮੌਤਾਂ ਹੋਈਆਂ ਸਨ। ਮੇਡੇਲਿਨ ਦੇ ਵਾਤਾਵਰਣ ਸਕੱਤਰ ਜੋਹਾਨ ਲੋਂਦੋਨੋ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਕਦੇ ਅਸੀਂ ਸਦਾਬਹਾਰ ਬਸੰਤ ਦਾ ਸ਼ਹਿਰ ਅਖਵਾਉਂਦੇ ਹਾਂ, ਪਰ ਅਸੀਂ ਵਧਦੇ ਤਾਪਮਾਨ ਨੂੰ ਮਹਿਸੂਸ ਕਰ ਰਹੇ ਹਾਂ। ਹਰ ਸਾਲ ਗਰਮੀ ਵੱਧ ਰਹੀ ਹੈ। ਹਵਾ ਪ੍ਰਦੂਸ਼ਣ ਕਾਰਨ ਸਾਹ ਦੀਆਂ ਬੀਮਾਰੀਆਂ ਵੱਧ ਰਹੀਆਂ ਸਨ, ਬੱਚੇ ਅਤੇ ਬਜ਼ੁਰਗ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਸਨ।

## ਦਰੱਖਤਾਂ ਨਾਲ ਕਿਵੇਂ ਘਟਿਆ ਤਾਪਮਾਨ ?

★ ਛਾਂ : ਇਹ ਸਭ ਤੋਂ ਸਰਲ ਅਤੇ ਸਿੱਧੀ ਪ੍ਰਕਿਰਿਆ ਹੈ। ਦਰੱਖਤ ਸੂਰਜ ਦੀਆਂ ਕਿਰਨਾਂ ਨੂੰ ਜ਼ਮੀਨ ਅਤੇ ਕੰਕਰੀਟ ਤੱਕ ਪਹੁੰਚਣ ਤੋਂ ਰੋਕਦੇ ਹਨ।

★ ਗਰਮੀ ਸੋਖਦੇ ਹਨ ਰੁੱਖ : ਰੁੱਖ ਇੱਕ ਕੁਦਰਤੀ ਏਅਰ ਕੰਡੀਸ਼ਨਰ ਵਾਂਗ ਕੰਮ ਕਰਦਾ ਹੈ। ਹਰੇ ਪੱਤੇ ਹਵਾ ਤੋਂ ਗਰਮੀ ਨੂੰ ਸੋਖ ਲੈਂਦੇ ਹਨ।

★ ਹਵਾ ਦਾ ਦਬਾਅ : ਰੁੱਖਾਂ ਨਾਲ ਸ਼ਹਿਰ ਵਿੱਚ ਹਵਾ ਦਾ ਵਹਾਅ ਬਣਿਆ ਰਹਿੰਦਾ ਹੈ। ਅਜਿਹੇ ਵਿੱਚ ਹਵਾ ਗਰਮ ਹੋਣ ਦੀ ਬਜਾਏ ਠੰਢੀ ਹੁੰਦੀ ਹੈ।



# ਵਰਖਾ ਰੁੱਤ ਵਿੱਚ ਪਸ਼ੂਆਂ ਦੀ ਸੁਚੱਜੀ ਸਾਂਭ-ਸੰਭਾਲ

ਬਰਸਾਤ ਦੇ ਮੌਸਮ ਵਿੱਚ ਗਾਵਾਂ ਅਤੇ ਮੱਝਾਂ ਦੀ ਸਹੀ ਸੰਭਾਲ ਅਤੇ ਖੁਰਾਕ ਪ੍ਰਬੰਧਨ ਬਹੁਤ ਜ਼ਰੂਰੀ ਹੈ, ਕਿਉਂਕਿ ਬਹੁਤ ਜ਼ਿਆਦਾ ਨਮੀਂ ਅਤੇ ਬਦਲਦੇ ਮੌਸਮ ਕਾਰਨ ਪਸ਼ੂਆਂ ਦੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।

ਬਰਸਾਤ ਦੇ ਮੌਸਮ ਵਿੱਚ ਪਸ਼ੂਆਂ ਦੀ ਸੁਚੱਜੀ ਸਾਂਭ-ਸੰਭਾਲ ਦੇ ਮੁੱਖ ਪਹਿਲੂ ਹੇਠਾਂ ਅਨੁਸਾਰ ਹਨ :

**ਪਸ਼ੂਆਂ ਦੇ ਰਹਿਣ ਦੀ ਥਾਂ (ਸ਼ੈੱਡ) ਦਾ ਪ੍ਰਬੰਧ**

ਪਸ਼ੂਆਂ ਦੇ ਸ਼ੈੱਡ ਵਿੱਚ ਪਾਣੀ ਦਾ ਜਮਾਵਾਂ ਨਹੀਂ ਹੋਣਾ ਚਾਹੀਦਾ। ਗਿੱਲੇ ਫਰਸ਼ ਕਾਰਨ ਪਸ਼ੂਆਂ ਦੇ ਤਿਲਕਣ ਅਤੇ ਡਿੱਗਣ ਦਾ ਡਰ ਰਹਿੰਦਾ ਹੈ। ਇਸ ਲਈ ਫਰਸ਼ ਖੁਰਦਰਾ ਹੋਣਾ ਚਾਹੀਦਾ ਹੈ। ਗਿੱਲੇ ਫਰਸ਼ ਤੇ ਬੈਠਣ ਨਾਲ ਪਸ਼ੂਆਂ ਦੇ ਥਣਾਂ ਵਿੱਚ ਇਨਫੈਕਸ਼ਨ ਹੋ ਸਕਦੀ ਹੈ ਅਤੇ ਥਨੈਲਾ ਦੀ ਬਿਮਾਰੀ ਹੋ ਸਕਦੀ ਹੈ। ਇਸ ਨਹੀ ਫਰਸ਼ ਨੂੰ ਹਮੇਸ਼ਾ ਸੁੱਕਾ ਅਤੇ ਸਾਫ਼ ਰੱਖਣਾ ਚਾਹੀਦਾ ਹੈ ਅਤੇ ਰੋਜ਼ਾਨਾ ਸੁੱਕੀ ਤੂੜੀ ਜਾਂ ਪਰਾਲੀ ਬਦਲਣੀ ਚਾਹੀਦੀ ਹੈ। ਸ਼ੈੱਡ ਦੇ ਆਸ-ਪਾਸ ਪਾਣੀ ਦੀ ਨਿਕਾਸੀ ਦਾ ਸਹੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਂ ਜੋ ਮੱਛਰ, ਮੱਖੀਆਂ ਅਤੇ ਹੋਰ ਕੀੜੇ-ਮਕੌੜੇ ਪੈਦਾ ਨਾ ਹੋਣ।

**ਪਸ਼ੂਆਂ ਦੀ ਖੁਰਾਕ ਅਤੇ ਹਰੇ ਚਾਰੇ ਦਾ ਪ੍ਰਬੰਧ**

ਬਰਸਾਤ ਦੇ ਦਿਨਾਂ ਵਿੱਚ ਨਮੀਂ ਵਾਲਾ ਹਰਾ ਚਾਰਾ ਬਹੁਤ ਜਲਦੀ ਖਰਾਬ ਹੋ ਜਾਂਦਾ ਹੈ, ਜਿਸ ਵਿੱਚ ਉੱਲੀ ਲੱਗ ਸਕਦੀ ਹੈ। ਇਸ ਲਈ, ਚਾਰੇ ਨੂੰ ਸੁਕਾ ਕੇ ਜਾਂ ਕੱਟ ਕੇ ਹੀ ਪਸ਼ੂਆਂ ਨੂੰ ਪਾਉਣਾ ਚਾਹੀਦਾ ਹੈ। ਖਰਾਬ ਹੋਈ ਫ਼ਸਲ/ਦਾਣੇ ਆਦਿ ਨੂੰ ਪਸ਼ੂਆਂ ਦੀ ਖੁਰਾਕ ਵਿੱਚ ਨਹੀਂ ਵਰਤਨਾ ਚਾਹੀਦਾ ਕਿਉਂਕਿ ਇਸ ਵਿੱਚ ਮੌਜੂਦ ਉੱਲੀ ਪਸ਼ੂਆਂ ਦੀ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਜ਼ਿਆਦਾ ਮਾਤਰਾ ਵਿੱਚ ਘਾਹ ਖਾਣ ਨਾਲ ਪਸ਼ੂਆਂ ਨੂੰ ਪਤਲੇ ਦਸਤ ਲੱਗ ਸਕਦੇ ਹਨ ਅਤੇ ਉਨ੍ਹਾਂ ਦੇ ਦੁੱਧ ਦੀ ਗੁਣਵੱਤਾ ਘੱਟ ਸਕਦੀ ਹੈ, ਇਸ ਲਈ ਹਰੇ ਚਾਰੇ ਦੇ ਨਾਲ ਸੁੱਕਾ ਚਾਰਾ (ਤੂੜੀ ਜਾਂ ਪਰਾਲੀ) ਵੀ ਮਿਲਾ ਕੇ ਦੇਣਾ ਚਾਹੀਦਾ ਹੈ।

**ਸਾਫ਼ ਸੁਥਰਾ ਪੀਣ ਵਾਲਾ ਪਾਣੀ**

ਪਸ਼ੂਆਂ ਨੂੰ ਪੀਣ ਲਈ ਹਮੇਸ਼ਾ ਸਾਫ਼ ਅਤੇ ਤਾਜ਼ਾ ਪਾਣੀ ਮੁਹੱਈਆ ਕਰਵਾਉਣਾ ਚਾਹੀਦਾ ਹੈ। ਖੇਤਾਂ ਵਿੱਚ ਖੜ੍ਹਾ ਪਾਣੀ ਪਸ਼ੂਆਂ ਨੂੰ ਬਿਲਕੁਲ ਨਹੀਂ ਪੀਣ ਦੇਣਾ ਚਾਹੀਦਾ, ਕਿਉਂਕਿ ਇਸ ਨਾਲ ਪੇਟ ਦੀਆਂ ਬਿਮਾਰੀਆਂ ਅਤੇ ਹੋਰ ਗੰਭੀਰ ਸਮੱਸਿਆਵਾਂ ਜਿਵੇਂ ਕਿ ਬਲੈਕ ਕੁਆਰਟਰ (BQ) ਫੈਲ ਸਕਦੀਆਂ ਹਨ।

**ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਅ**

ਬਰਸਾਤ ਦੇ ਮੌਸਮ ਵਿੱਚ ਬੈਕਟੀਰੀਆ ਅਤੇ ਵਾਇਰਸ ਦੀ ਗਿਣਤੀ ਵੱਧ ਜਾਂਦੀ ਹੈ ਜਿਸ ਕਰਕੇ ਪਸ਼ੂਆਂ ਵਿੱਚ ਮੂੰਹ-ਖੁਰ, ਗਲਘੋਟੂ (HS) ਅਤੇ ਲੰਗੜਾ ਬੁਖਾਰ (BQ) ਵਰਗੀਆਂ ਭਿਆਨਕ ਬਿਮਾਰੀਆਂ ਦਾ ਖਤਰਾ ਕਈ ਗੁਣਾ ਵੱਧ ਜਾਂਦਾ ਹੈ। ਮਾਹਰਾਂ ਦੀ ਸਲਾਹ ਨਾਲ ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਕਰਵਾ ਲੈਣਾ ਚਾਹੀਦਾ ਹੈ। ਇਸਦੇ ਨਾਲ ਹੀ, ਅੰਦਰੂਨੀ ਪਰਜੀਵੀਆਂ (ਕੀੜਿਆਂ) ਨੂੰ ਮਾਰਨ ਲਈ ਕੀੜੇ ਮਾਰ ਦਵਾਈਆਂ ਸਮੇਂ ਸਿਰ ਦੇਣੀਆਂ ਚਾਹੀਦੀਆਂ ਹਨ। ਪਸ਼ੂਆਂ ਦੇ ਸਰੀਰ ਤੇ ਚਿੱਚੜ (Ticks) ਅਤੇ ਜੂੰਆਂ ਪੈ ਜਾਂਦੀਆਂ ਹਨ, ਜਿਸ ਲਈ ਪਸ਼ੂਆਂ ਅਤੇ ਉਨ੍ਹਾਂ ਦੇ ਸ਼ੈੱਡ ਵਿੱਚ ਕੀਟਨਾਸ਼ਕ ਸਪਰੇਅ ਜਿਵੇਂ ਕਿ ਅਸੁਨਟੋਲ/ਬੂਟੋਕਸ/ਪੋਲੀਮਿਟਰਾਜ਼/ਮੈਲਾਥੀਆਨ ਦਾ ਸਮੇਂ ਸਿਰ ਛਿੜਕਾਅ ਕਰਨਾ ਚਾਹੀਦਾ ਹੈ। ਪਸ਼ੂਆਂ ਦੀ ਦੇਖਭਾਲ ਲਈ ਕਿਸਾਨਾਂ ਨੂੰ ਬਰਸਾਤਾਂ ਵਿੱਚ ਪਸ਼ੂਆਂ ਨੂੰ ਬਾਹਰ ਖੁੱਲ੍ਹੇ ਵਿੱਚ ਭਿੱਜਣ ਨਹੀਂ ਦੇਣਾ ਚਾਹੀਦਾ, ਕਿਉਂਕਿ ਗਰਮੀ ਤੋਂ ਬਾਅਦ ਅਚਾਨਕ ਠੰਡੇ ਪਾਣੀ ਵਿੱਚ ਭਿੱਜਣ ਨਾਲ ਪਸ਼ੂ ਨੂੰ ਨਮੂਨੀਆ ਜਾਂ ਮੌਸਮੀ ਬੁਖਾਰ ਹੋ ਸਕਦਾ ਹੈ।

**ਥਨੇਲਾ ਰੋਗ (Masitits) ਦੀ ਰੋਕਥਾਮ**

ਥਨੇਲਾ ਰੋਗ ਬਰਸਾਤ ਵਿੱਚ ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲੀ ਸਮੱਸਿਆ ਹੈ। ਇਸ ਤੋਂ ਬਚਣ ਲਈ ਦੁੱਧ ਦੇਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਪਸ਼ੂਆਂ ਦੇ ਥਣਾਂ ਨੂੰ ਪੋਟਾਸ਼ੀਅਮ ਪਰਮੇਂਗਨੇਟ ਜਾਂ ਕਿਸੇ ਐਂਟੀਸੈਪਟਿਕ ਘੋਲ ਨਾਲ ਜ਼ਰੂਰ ਸਾਫ਼ ਕਰਨਾ ਚਾਹੀਦਾ ਹੈ। ਦੁੱਧ ਦੇਣ ਵਾਲੀਆਂ ਗਾਵਾਂ ਨੂੰ ਹਮੇਸ਼ਾ ਸਾਫ਼-ਸੁਥਰਾ ਰੱਖੋ ਅਤੇ ਚੋਣ ਤੋਂ ਬਾਅਦ ਪਸ਼ੂ ਨੂੰ ਤੁਰੰਤ ਬੈਠਣ ਨਾ ਦਿਓ, ਤਾਂ ਜੋ ਥਣ ਬੰਦ ਰਹਿਣ ਅਤੇ ਇਨਫੈਕਸ਼ਨ ਨਾ ਹੋਵੇ।

**ਅਜੈ ਸਿੰਘ ਗੋਦਾਰਾ ਅਤੇ ਅਜੀਤਪਾਲ ਸਿੰਘ ਧਾਲੀਵਾਲ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ (ਮੋ. 98961-02398)**

# ਬਾਰਿਸ਼ ਵਿੱਚ ਡਿੱਗੇ ਰੁੱਖ ਨੇ ਬਦਲੀ 'ਕਿਸਮਤ'

## 85 ਸਾਲਾ ਵਿਅਕਤੀ ਨੂੰ ਮਿਲੇ 28 ਲੱਖ ਰੁਪਏ

ਇਹ ਕਹਾਣੀ ਪਹਿਲੀ ਨਜ਼ਰ ਵਿੱਚ ਅਜੀਬ ਲੱਗਦੀ ਹੈ। ਆਮ ਤੌਰ 'ਤੇ ਜਦੋਂ ਕਿਸੇ ਦੇ ਘਰ ਦਾ ਰੁੱਖ ਤੂਫਾਨ ਵਿੱਚ ਡਿੱਗਦਾ ਹੈ ਤਾਂ ਨੁਕਸਾਨ ਹੁੰਦਾ ਹੈ, ਪਰ ਬੇਂਗਲੁਰੂ ਦੇ 85 ਸਾਲਾ ਐਨ. ਜੀ. ਕੇਸਰੀ ਨਾਲ ਬਿਲਕੁਲ ਉਲਟ ਹੋਇਆ। ਉਨ੍ਹਾਂ ਦੇ ਘਰ ਦਾ ਇੱਕ ਰੁੱਖ ਡਿੱਗਿਆ ਅਤੇ ਉਸ ਰੁੱਖ ਨੇ ਉਨ੍ਹਾਂ ਨੂੰ ਮਾਲਾਮਾਲ ਕਰ ਦਿੱਤਾ।

ਕਰੀਬ 40 ਸਾਲ ਪਹਿਲਾਂ ਕੇਸਰੀ ਦੇ ਘਰ ਦੇ ਵੇਹੜੇ ਵਿੱਚ ਇੱਕ ਛੋਟਾ ਜਿਹਾ ਪੌਦਾ ਆਪਣੇ ਆਪ ਉੱਗ ਆਇਆ ਸੀ। ਸ਼ੁਰੂਆਤ ਵਿੱਚ ਉਨ੍ਹਾਂ ਨੇ ਇਸ ਨੂੰ ਇੱਕ ਆਮ ਪੌਦਾ ਸਮਝਿਆ, ਪਰ ਜਿਵੇਂ-ਜਿਵੇਂ ਉਹ ਵੱਡਾ ਹੋਇਆ, ਪਤਾ ਲੱਗਿਆ ਕਿ ਇਹ ਕੋਈ ਸਾਧਾਰਨ ਨਹੀਂ, ਸਗੋਂ ਚੰਦਨ ਦਾ ਰੁੱਖ ਹੈ।

ਚੰਦਨ ਦੀ ਲੱਕੜ ਦੁਨੀਆਂ ਦੀਆਂ ਸਭ ਤੋਂ ਕੀਮਤੀ ਲੱਕੜਾਂ ਵਿੱਚੋਂ ਇੱਕ ਹੈ ਅਤੇ ਇਸ ਦੀ ਕੀਮਤ ਲੱਖਾਂ ਰੁਪਏ ਤੱਕ ਹੁੰਦੀ ਹੈ। ਕੇਸਰੀ ਨੇ ਇਸ ਰੁੱਖ ਨੂੰ ਕਦੇ ਵੇਚਿਆ ਨਹੀਂ। ਉਨ੍ਹਾਂ ਨੇ ਸਾਲਾਂ ਤੱਕ ਇਸ ਦੀ ਦੇਖਭਾਲ ਕੀਤੀ। ਇੰਨਾ ਹੀ ਨਹੀਂ, ਚੰਦਨ ਦੀ ਲੱਕੜ ਚੋਰੀ ਕਰਨ ਵਾਲੇ ਲੋਕਾਂ ਤੋਂ ਬਚਾਉਣ ਲਈ ਰੁੱਖ ਦੇ ਚਾਰੇ ਪਾਸੇ ਲੋਹੇ ਦੀ ਮਜ਼ਬੂਤ ਜਾਲੀ ਵੀ ਲਗਵਾਈ।

ਕਈ ਵਾਰ ਚੋਰਾਂ ਨੇ ਇਸ ਨੂੰ ਕੱਟਣ ਦੀ ਕੋਸ਼ਿਸ਼ ਕੀਤੀ, ਪਰ ਹਰ ਵਾਰ ਉਨ੍ਹਾਂ ਦੀ ਕੋਸ਼ਿਸ਼ ਨਾਕਾਮ ਰਹੀ। ਇਸ ਤਰ੍ਹਾਂ ਇਹ ਰੁੱਖ ਲਗਭਗ ਚਾਰ ਦਹਾਕਿਆਂ ਤੱਕ ਸੁਰੱਖਿਅਤ ਖੜ੍ਹਾ ਰਿਹਾ। ਫਿਰ ਇਸ ਸਾਲ ਜੂਨ ਵਿੱਚ ਬੇਂਗਲੁਰੂ ਵਿੱਚ ਤੇਜ਼ ਬਾਰਿਸ਼ ਅਤੇ ਹਨੇਰੀ ਆਈ। ਉਸੇ ਦੌਰਾਨ ਇੱਕ ਵੱਡਾ ਰੁੱਖ ਟੁੱਟ ਕੇ ਚੰਦਨ ਦੇ ਰੁੱਖ 'ਤੇ ਡਿੱਗ ਗਿਆ। ਟੱਕਰ ਇੰਨੀ ਤੇਜ਼ ਸੀ ਕਿ ਚੰਦਨ ਦਾ ਰੁੱਖ ਵੀ ਜ਼ਮੀਨ 'ਤੇ ਡਿੱਗ ਪਿਆ। ਪਹਿਲੀ ਨਜ਼ਰ ਵਿੱਚ ਲੱਗਿਆ ਕਿ ਹੁਣ ਤਾਂ ਲੱਖਾਂ ਦਾ ਨੁਕਸਾਨ ਹੋ ਗਿਆ, ਪਰ ਇੱਥੋਂ ਹੀ ਕਹਾਣੀ ਨੇ ਅਜਿਹਾ ਮੋੜ ਲਿਆ, ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ।

ਰੁੱਖ ਡਿੱਗਣ ਤੋਂ ਬਾਅਦ ਕੇਸਰੀ ਨੇ ਉਸ ਨੂੰ ਛੁਪਾਉਣ ਜਾਂ ਚੋਰੀ-ਛਿਪੇ ਵੇਚਣਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਨੇ




ਤੁਰੰਤ ਇਸ ਦੀ ਸੂਚਨਾ ਵਣ ਵਿਭਾਗ ਨੂੰ ਦਿੱਤੀ। ਅਧਿਕਾਰੀ ਮੌਕੇ 'ਤੇ ਪਹੁੰਚੇ, ਜਾਂਚ ਕੀਤੀ ਅਤੇ ਪਾਇਆ ਕਿ ਰੁੱਖ ਪੂਰੀ ਤਰ੍ਹਾਂ ਕਾਨੂੰਨੀ ਹੈ। ਇਸ ਤੋਂ ਬਾਅਦ ਨਿਯਮਾਂ ਅਨੁਸਾਰ ਰੁੱਖ ਨੂੰ ਸਰਕਾਰੀ ਚੰਦਨ ਡਿਪੋ ਭੇਜਣ ਦੀ ਇਜਾਜ਼ਤ ਦਿੱਤੀ ਗਈ।

ਜਾਂਚ ਵਿੱਚ ਪਤਾ ਲੱਗਿਆ ਕਿ ਇਸ ਚੰਦਨ ਦੇ ਰੁੱਖ ਦਾ ਵਜ਼ਨ ਲਗਭਗ ਇੱਕ ਮੀਟ੍ਰਿਕ ਟਨ ਸੀ। ਬਾਅਦ ਵਿੱਚ ਸਰਕਾਰੀ ਕੰਪਨੀ 'ਕਰਨਾਟਕ ਸੋਪਸ ਐਂਡ ਡਿਟਰਜੈਂਟਸ ਲਿਮਟਿਡ' ਨੇ ਇਸ ਚੰਦਨ ਦੀ ਲੱਕੜ ਨੂੰ ਖਰੀਦ ਲਿਆ। ਇਸ ਦੇ ਬਦਲੇ ਕੇਸਰੀ ਨੂੰ ਲਗਭਗ 28 ਲੱਖ ਰੁਪਏ ਮਿਲੇ, ਭਾਵ ਜਿਸ ਰੁੱਖ ਦੇ ਡਿੱਗਣ ਨੂੰ ਲੋਕ ਨੁਕਸਾਨ ਸਮਝ ਰਹੇ ਸਨ, ਉਹੀ ਉਨ੍ਹਾਂ ਲਈ ਵੱਡੀ ਕਮਾਈ ਦਾ ਕਾਰਨ ਬਣ ਗਿਆ।


### 40 ਸਾਲ ਦੀ ਇਮਾਨਦਾਰੀ ਦਾ ਫਲ

ਇੱਥੇ ਹੀ ਗੱਲ ਖਤਮ ਨਹੀਂ ਹੋਈ। ਕੇਸਰੀ ਨੇ 40 ਸਾਲ ਤੱਕ ਈਮਾਨਦਾਰੀ ਨਾਲ ਚੰਦਨ ਦੇ ਰੁੱਖ ਦੀ ਰੱਖਿਆ ਕੀਤੀ ਸੀ। ਇਸੇ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾਂ ਨੂੰ 'ਚੰਦਨ ਸ਼੍ਰੋਮਣੀ' ਸਨਮਾਨ ਨਾਲ ਵੀ ਨਿਵਾਜਿਆ ਗਿਆ, ਭਾਵ ਉਨ੍ਹਾਂ ਨੂੰ ਸਿਰਫ ਪੈਸੇ ਹੀ ਨਹੀਂ ਮਿਲੇ, ਸਗੋਂ ਉਨ੍ਹਾਂ ਦੇ ਸਬਰ ਅਤੇ ਈਮਾਨਦਾਰੀ ਦੀ ਵੀ ਸ਼ਲਾਘਾ ਹੋਈ।

ਇਸ ਕਹਾਣੀ ਤੋਂ ਇੱਕ ਵੱਡੀ ਸਿੱਖਿਆ ਵੀ ਮਿਲਦੀ ਹੈ। ਕਈ ਲੋਕ ਜਲਦੀ ਫਾਇਦਾ ਪਾਉਣ ਲਈ ਗਲਤ ਰਸਤਾ ਚੁਣ ਲੈਂਦੇ ਹਨ, ਪਰ ਕੇਸਰੀ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਸਾਲਾਂ ਤੱਕ ਸਬਰ ਰੱਖਿਆ, ਰੁੱਖ ਦੀ ਸੁਰੱਖਿਆ ਕੀਤੀ ਅਤੇ ਜਦੋਂ ਸਮਾਂ ਆਇਆ ਤਾਂ ਕਾਨੂੰਨੀ ਤਰੀਕੇ ਨਾਲ ਉਸ ਦਾ ਪੂਰਾ ਲਾਭ ਵੀ ਮਿਲਿਆ। ਜੇਕਰ ਉਹ ਨਿਯਮ ਤੋੜਦੇ ਜਾਂ ਚੋਰੀ-ਛਿਪੇ ਰੁੱਖ ਵੇਚਣ ਦੀ ਕੋਸ਼ਿਸ਼ ਕਰਦੇ, ਤਾਂ ਸ਼ਾਇਦ ਉਨ੍ਹਾਂ ਨੂੰ ਇੰਨਾ ਪੈਸਾ ਵੀ ਨਹੀਂ ਮਿਲਦਾ ਸੀ ਅਤੇ ਕਾਨੂੰਨੀ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਸੀ।

# 'ਗੁਲੇਲ ਵਾਲੀ ਮੱਕੜੀ' ਜੋ ਕੀੜੀਆਂ ਨੂੰ ਹਵਾ ਵਿੱਚ ਉਛਾਲ ਦਿੰਦੀ ਹੈ

ਕੀ ਤੁਸੀਂ ਕਦੇ ਅਜਿਹੀ ਮੱਕੜੀ ਬਾਰੇ ਸੁਣਿਆ ਹੈ, ਜੋ ਆਪਣੇ ਸ਼ਿਕਾਰ ਨੂੰ ਜਾਲ ਵਿੱਚ ਫਸਾਉਣ ਦੀ ਬਜਾਏ ਹਵਾ ਵਿੱਚ ਉਛਾਲ ਦਿੰਦੀ ਹੋਵੇ? ਆਸਟਰੇਲੀਆ ਦੇ ਉੱਤਰ-ਪੂਰਬੀ ਵਰਖਾ-ਵਣਾਂ (rain forests) ਵਿੱਚ ਵਿਗਿਆਨੀਆਂ ਨੇ ਅਜਿਹੀ ਹੀ ਇੱਕ ਅਨੋਖੀ ਮੱਕੜੀ ਖੋਜੀ ਹੈ। ਇਸ ਦੇ ਹੈਰਾਨ ਕਰ ਦੇਣ ਵਾਲੇ ਸ਼ਿਕਾਰ ਕਰਨ ਦੇ ਤਰੀਕੇ ਕਾਰਨ ਇਸ ਨੂੰ 'ਬੈਲਿਸਟਾ ਸਪਾਈਡਰ' ਭਾਵ 'ਗੁਲੇਲ ਵਾਲੀ ਮੱਕੜੀ' ਕਿਹਾ ਜਾ ਰਿਹਾ ਹੈ।



ਇਹ ਛੋਟੀ ਜਿਹੀ ਮੱਕੜੀ ਆਪਣੇ ਜਾਲ ਵਿੱਚ ਰੇਸ਼ਮ (ਸਿਲਕ) ਦੇ ਬਹੁਤ ਮਜ਼ਬੂਤ ਅਤੇ ਖਿੜੇ ਹੋਏ ਧਾਗਿਆਂ ਨਾਲ ਇੱਕ ਖਾਸ ਕਿਸਮ ਦਾ ਜਾਲ ਬਣਾਉਂਦੀ ਹੈ। ਇਹ ਜਾਲ ਕਿਸੇ ਗੁਲੇਲ ਜਾਂ ਪ੍ਰਾਚੀਨ ਯੁੱਧ ਵਿੱਚ ਵਰਤੇ ਜਾਣ ਵਾਲੇ ਹਥਿਆਰ ਵਾਂਗ ਕੰਮ ਕਰਦਾ ਹੈ। ਜਿਵੇਂ ਹੀ ਕੋਈ ਹਰੀ ਰੁੱਖ ਵਾਲੀ ਕੀੜੀ ਉਸ ਜਾਲ ਨੂੰ ਕੱਟਦੀ ਜਾਂ ਛੂਹਦੀ ਹੈ, ਰੇਸ਼ਮ ਵਿੱਚ ਜਮ੍ਹਾਂ ਊਰਜਾ ਅਚਾਨਕ ਬਾਹਰ ਨਿਕਲਦੀ ਹੈ ਅਤੇ ਕੀੜੀ ਹਵਾ ਵਿੱਚ ਉੱਛਲ ਕੇ ਸਿੱਧੀ ਮੱਕੜੀ ਦੇ ਜਾਲ ਵਿੱਚ ਜਾ ਡਿੱਗਦੀ ਹੈ।

ਸਭ ਤੋਂ ਮਜ਼ੇਦਾਰ ਗੱਲ ਇਹ ਹੈ ਕਿ ਮੱਕੜੀ ਖੁਦ ਹਮਲਾ ਨਹੀਂ ਕਰਦੀ। ਕੀੜੀ ਜਿਵੇਂ ਹੀ ਜਾਲ ਨੂੰ ਛੇੜਦੀ ਹੈ, ਉਹ ਖੁਦ ਹੀ ਇਸ ਜਾਲ ਨੂੰ ਸਰਗਰਮ ਕਰ ਦਿੰਦੀ ਹੈ, ਭਾਵ ਸ਼ਿਕਾਰ ਖੁਦ ਹੀ ਆਪਣੇ ਫਸਣ ਦਾ ਕਾਰਨ ਬਣ ਜਾਂਦਾ ਹੈ।

ਵਿਗਿਆਨੀਆਂ ਨੇ ਤੇਜ਼ ਗਤੀ ਵਾਲੇ ਕੈਮਰਿਆਂ ਨਾਲ ਦੇਖਿਆ ਕਿ ਇਹ ਮੱਕੜੀ ਕੀੜੀ ਨੂੰ ਇੰਨੀ ਤੇਜ਼ੀ ਨਾਲ ਉਛਾਲਦੀ ਹੈ ਕਿ ਉਸ 'ਤੇ ਧਰਤੀ ਦੇ ਗੁਰੂਤਾਕਰਸ਼ਣ ਨਾਲੋਂ ਲਗਭਗ 140 ਗੁਣਾ ਜ਼ਿਆਦਾ ਬਲ ਲੱਗਦਾ ਹੈ। ਇੰਨੀ ਛੋਟੀ ਮੱਕੜੀ ਲਈ ਇਹ ਕਿਸੇ ਸੁਪਰ-ਪਾਵਰ ਤੋਂ ਘੱਟ ਨਹੀਂ ਹੈ।

ਇਹ ਮੱਕੜੀ ਖਾਸ ਤੌਰ 'ਤੇ ਹਰੀ ਰੁੱਖ ਵਾਲੀਆਂ ਕੀੜੀਆਂ ਦਾ ਹੀ ਸ਼ਿਕਾਰ ਕਰਦੀ ਹੈ। ਇਹ ਕੀੜੀਆਂ ਬਹੁਤ ਬਹਾਦਰ ਅਤੇ ਹਮਲਾਵਰ ਹੁੰਦੀਆਂ ਹਨ, ਇਸ ਲਈ ਜ਼ਿਆਦਾਤਰ ਜੀਵ ਇਨ੍ਹਾਂ ਤੋਂ ਦੂਰ ਹੀ ਰਹਿੰਦੇ ਹਨ, ਪਰ ਇਹ ਅਨੋਖੀ ਮੱਕੜੀ ਬਿਨਾਂ ਸਿੱਧੇ ਮੁਕਾਬਲੇ ਦੇ ਇਨ੍ਹਾਂ ਨੂੰ ਆਸਾਨੀ ਨਾਲ ਫੜ ਲੈਂਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਖੋਜ ਦੱਸਦੀ ਹੈ ਕਿ ਕੁਦਰਤ ਵਿੱਚ ਛੋਟੇ ਤੋਂ ਛੋਟੇ ਜੀਵ ਵੀ ਆਪਣੀ ਸੁਰੱਖਿਆ ਅਤੇ ਭੋਜਨ ਲਈ ਕਿੰਨੀਆਂ ਅਦਭੁੱਤ ਤਕਨੀਕਾਂ ਵਿਕਸਿਤ ਕਰ ਸਕਦੇ ਹਨ। ਇਸ ਅਨੋਖੀ ਮੱਕੜੀ ਨੇ ਇੱਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਕੁਦਰਤ ਵਿੱਚ ਹਰ ਰੋਜ਼ ਕੁਝ ਨਵਾਂ ਅਤੇ ਹੈਰਾਨ ਕਰਨ ਵਾਲਾ ਦੇਖਣ ਨੂੰ ਮਿਲ ਸਕਦਾ ਹੈ।



# ਝੋਨੇ ਦੀ ਝੂਠੀ ਕਾਂਗਿਆਰੀ ਦੀ ਸਰਵਪੱਖੀ ਰੋਕਥਾਮ ਲਈ ਉਚੇਚੇ ਉਪਰਾਲੇ

ਝੂਠੀ ਕਾਂਗਿਆਰੀ ਦਾ ਰੋਗ, ਪੰਜਾਬ ਅਤੇ ਭਾਰਤ ਦੇ ਹੋਰ ਝੋਨਾ ਉਤਪਾਦਕ ਖੇਤਰਾਂ ਵਿੱਚ ਇੱਕ ਗੰਭੀਰ ਸਮੱਸਿਆ ਵਜੋਂ ਉਭਰਿਆ ਹੈ। ਇਹ ਇੱਕ ਉੱਲੀ ਰੋਗ ਹੈ, ਜੋ ਝੋਨੇ ਦੇ ਬੂਟਿਆਂ ਦੇ ਗੋਭ ਤੋਂ ਲੈ ਕੇ ਫੁੱਲ ਨਿਸਰਣ ਵਾਲੇ ਪੜਾਅ ਤੱਕ ਕਾਰਨ ਵਧੇਰੇ ਦਿਖਾਈ ਦਿੰਦਾ ਹੈ। ਇਸ ਨੂੰ 'ਹਲਦੀ ਰੋਗ' ਵੀ ਕਿਹਾ ਜਾਂਦਾ ਹੈ। ਆਮ ਤੌਰ 'ਤੇ ਸਿੱਟੇ ਦੇ ਕੁਝ ਦਾਣੇ ਹੀ ਇਸ ਬਿਮਾਰੀ ਤੋਂ ਪ੍ਰਭਾਵਿਤ ਹੁੰਦੇ ਹਨ ਜਦੋਂ ਕਿ ਬਾਕੀ ਦਾਣੇ ਤੰਦਰੁਸਤ ਰਹਿੰਦੇ ਹਨ। ਇਸੇ ਕਾਰਨ ਝੋਨੇ ਦੇ ਸਿੱਟੇ ਵਿੱਚ ਸਮੱਟ ਬਾਲਾਂ

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਦੀ ਹੋਂਦ ਇਸ ਬਿਮਾਰੀ ਦੁਆਰਾ ਝਾੜ ਵਿੱਚ ਹੋਣ ਵਾਲੇ ਨੁਕਸਾਨ ਨੂੰ ਨਹੀਂ ਦਰਸਾਉਂਦੀ। ਸਾਲ 2025 ਦੀ ਸਾਉਣੀ ਰੁੱਤ ਦੌਰਾਨ ਪੰਜਾਬ ਦੇ ਖੇਤਾਂ ਵਿੱਚ ਕੀਤੇ ਗਏ ਸਰਵੇਖਣਾਂ ਵਿੱਚ ਇਸ ਬਿਮਾਰੀ ਦਾ ਸੰਕਰਮਣ 10% ਤੋਂ ਘੱਟ ਅਤੇ ਤੀਬਰਤਾ 1-1.5% ਤੋਂ ਘੱਟ ਦਰਜ ਕੀਤੀ ਗਈ। ਜਦੋਂ ਕਿ ਇਸ ਦੀ ਵਧੇਰੇ ਤੀਬਰਤਾ ਕੁਝ ਕੁ ਖੇਤਾਂ ਵਿੱਚ ਹੀ ਪਾਈ ਗਈ।

**ੳ) ਝੂਠੀ ਕਾਂਗਿਆਰੀ ਬਾਰੇ ਮੁੱਢਲੀ ਜਾਣਕਾਰੀ**

ਝੋਨੇ ਨੂੰ ਇਸ ਬਿਮਾਰੀ ਦੀ ਲਾਗ, ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਲੱਗ ਜਾਂਦੀ ਹੈ। ਇਹ ਲਾਗ ਖਾਸ ਤੌਰ 'ਤੇ ਸਿੱਟੇ ਦੇ ਗੋਭ ਵਿੱਚ ਹੋਣ ਤੋਂ ਲੈ ਕੇ ਫੁੱਲ ਨਿਸਰਣ ਸਮੇਂ ਦੌਰਾਨ ਲੱਗਦੀ ਹੈ ਜਦੋਂ ਕਿ ਉਸ ਦੀਆਂ ਸਮੱਟ ਬਾਲਾਂ ਸਿੱਟੇ ਉਭਰਨ ਤੋਂ ਬਾਅਦ ਦਿਖਾਈ ਦਿੰਦੀਆਂ ਹਨ। ਇਸ ਲਈ ਸਮੱਟ ਬਾਲਾਂ ਦਿਖਾਈ ਦੇਣ ਤੋਂ ਬਾਅਦ ਕੀਤੇ ਕਿਸੇ ਵੀ ਉੱਲੀਨਾਸ਼ਕ ਦੇ ਛਿੜਕਾਅ ਦਾ ਉਸ ਰੁੱਤ ਵਿੱਚ ਲੱਗਣ ਵਾਲੀ ਬਿਮਾਰੀ ਉੱਤੇ ਕੋਈ ਅਸਰ ਨਹੀਂ ਪੈਂਦਾ। ਸਮੱਟ ਬਾਲਾਂ ਦਿਖਾਈ ਦੇਣ ਤੋਂ ਬਾਅਦ ਉੱਲੀਨਾਸ਼ਕ ਦਾ ਛਿੜਕਾਅ ਕਿਸਾਨਾਂ ਵੱਲੋਂ ਆਮ ਹੀ ਕੀਤਾ ਜਾਂਦਾ ਹੈ, ਜੋ ਕਿ ਗਲਤ ਹੈ।

**ਅ) ਅਨੁਕੂਲ ਮੌਸਮੀ ਹਾਲਾਤ :**

★ ਹਵਾ ਵਿੱਚ ਵਧੇਰੇ ਨਮੀਂ ਹੋਣਾ।

★ ਲਗਾਤਾਰ ਬੱਦਲਵਾਈ ਵਾਲਾ ਮੌਸਮ ਬਣੇ ਰਹਿਣਾ।

★ ਸਿੱਟੇ ਦੇ ਗੋਭ ਵਿੱਚ ਹੋਣ ਤੋਂ ਲੈ ਕੇ ਫੁੱਲ ਪੈਣ ਵਾਲੇ ਪੜਾਅ ਦੌਰਾਨ ਥੋੜ੍ਹੇ-ਥੋੜ੍ਹੇ ਵਕਫ਼ੇ 'ਤੇ ਮੀਂਹ ਪੈਣਾ।

★ ਦਰਮਿਆਨਾ ਤਾਪਮਾਨ (25-35° ਸੈਂਟੀਗਰੇਡ) ਬਣੇ ਰਹਿਣਾ।

★ ਜ਼ਿਆਦਾ ਨਾਈਟ੍ਰੋਜਨ ਖਾਦ ਦੀ ਵਰਤੋਂ ਕਰਨਾ।

★ ਖੇਤ ਵਿੱਚ ਸਿਫ਼ਾਰਿਸ਼ ਤੋਂ ਜ਼ਿਆਦਾ ਸੰਘਣੇ ਬੂਟੇ ਹੋਣਾ।

★ ਖੇਤ ਵਿੱਚ ਪਾਣੀ ਦਾ ਨਿਕਾਸ ਨਾ ਹੋਣਾ ਜਾਂ ਖੇਤ ਨੀਵਾਂ ਹੋਣਾ।

**ੲ) ਪ੍ਰਬੰਧਨ ਲਈ ਸੁਝਾਅ**

**1) ਸਿੱਟੇ ਦੇ ਗੋਭ ਵਿੱਚ ਹੋਣ ਸਮੇਂ ਵੱਧ ਸੰਕਰਮਣ ਦੇ ਖਦਸ਼ੇ ਵਾਲੇ ਖੇਤਾਂ ਦੀ ਨਿਗਰਾਨੀ ਕਰੋ :** ਪਿਛਲੇ ਸਾਲਾਂ ਦੌਰਾਨ ਬਿਮਾਰੀ ਗ੍ਰਸਤ ਖੇਤਾਂ ਦੀ, ਸਿੱਟੇ ਦੇ ਗੋਭ ਵਿਚਲੇ ਸਮੇਂ ਦੌਰਾਨ ਨਿਗਰਾਨੀ ਕਰਦੇ ਰਹਿਣਾ ਚਾਹੀਦਾ ਹੈ। ਅਨੁਕੂਲ ਮੌਸਮੀ ਹਾਲਾਤਾਂ ਅਧੀਨ ਅਜਿਹੇ ਖੇਤਾਂ ਵਿੱਚ ਬਿਮਾਰੀ ਦੇ ਵਿਕਸਿਤ ਹੋਣ ਦਾ ਖਦਸ਼ਾ ਵਧੇਰੇ ਰਹਿੰਦਾ ਹੈ। ਸਿੱਟੇ ਦੇ ਗੋਭ ਵਿੱਚ ਹੋਣ ਸਮੇਂ ਉੱਲੀਨਾਸ਼ਕ ਦਾ ਛਿੜਕਾਅ ਕਰਨਾ ਚਾਹੀਦਾ ਹੈ ਕਿਉਂਕਿ ਸਮੱਟ ਬਾਲਾਂ ਦਿਖਾਈ ਦੇਣ ਤੋਂ ਬਾਅਦ ਕੀਤੇ ਛਿੜਕਾਅ ਨਾਲ ਬਿਮਾਰੀ ਨੂੰ ਨਹੀਂ ਰੋਕਿਆ ਜਾ ਸਕਦਾ।

**2) ਉੱਲੀਨਾਸ਼ਕਾਂ ਦਾ ਸਮੇਂ ਸਿਰ ਛਿੜਕਾਅ ਕਰੋ :** ਬਿਮਾਰੀ ਦੀ ਰੋਕਥਾਮ ਵਾਰ-ਵਾਰ ਕੀਤੇ ਉੱਲੀਨਾਸ਼ਕਾਂ ਦੇ ਛਿੜਕਾਅ ਨਾਲ ਨਹੀਂ ਸਗੋਂ ਸਮੇਂ ਸਿਰ ਕੀਤੇ ਛਿੜਕਾਅ ਉੱਤੇ ਨਿਰਭਰ ਕਰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫ਼ਾਰਿਸ਼ ਅਨੁਸਾਰ ਕੋਸਾਈਡ 46 DF @ 500 ਗ੍ਰਾਮ ਜਾਂ ਗੈਲੀਲਿਓ ਵੇਅ 18.76 SC @ 400 ਮਿ.ਲੀ. ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਸਿੱਟੇ ਦੇ ਗੋਭ ਵਿੱਚ ਹੋਣ ਸਮੇਂ ਛਿੜਕਾਅ ਕਰਨਾ ਚਾਹੀਦਾ ਹੈ। ਇਹ ਛਿੜਕਾਅ ਪਿਛਲੇ ਸਾਲਾਂ ਦੌਰਾਨ ਬਿਮਾਰੀ ਗ੍ਰਸਤ ਖੇਤਾਂ ਵਿੱਚ ਜ਼ਰੂਰ ਕਰਨਾ ਚਾਹੀਦਾ ਹੈ।

**3) ਨਾਈਟ੍ਰੋਜਨ ਖਾਦਾਂ ਦੀ ਬੇਲੋੜੀ ਵਰਤੋਂ ਨਾ ਕਰੋ :** ਸਿਫ਼ਾਰਿਸ਼ ਨਾਲੋਂ ਜ਼ਿਆਦਾ ਵਰਤੋਂ ਕੀਤੀ ਨਾਈਟ੍ਰੋਜਨ ਖਾਦ ਫ਼ਸਲ ਨੂੰ ਵਧੇਰੇ ਹਰਿਆ-ਭਰਿਆ ਕਰਕੇ ਖੇਤ ਵਿਚਲੀ ਨਮੀ ਨੂੰ ਵਧਾਉਂਦੀ ਹੈ ਜੋ ਕਿ ਬਿਮਾਰੀ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ। ਲੋੜ ਅਨੁਸਾਰ ਖਾਦ ਦੀ ਵਰਤੋਂ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ :

★ ਮਿੱਟੀ ਦੀ ਪਰਖ ਆਧਾਰਿਤ ਕੀਤੀ ਸਿਫ਼ਾਰਿਸ਼ ਅਨੁਸਾਰ ਹੀ ਖਾਦ ਦੀ ਵਰਤੋਂ ਕਰੋ।

★ ਨਾਈਟ੍ਰੋਜਨ ਖਾਦ ਦੀ ਵਰਤੋਂ ਫ਼ਸਲ ਦੇ ਵੱਖ-ਵੱਖ ਵਿਕਾਸ ਪੜਾਵਾਂ ਦੌਰਾਨ ਵੰਡ ਕੇ ਕਰੋ।

★ ਫ਼ਸਲ ਦੇ ਪਿਛਲੇ ਵਿਕਾਸ ਪੜਾਅ ਦੌਰਾਨ ਨਾਈਟ੍ਰੋਜਨ ਖਾਦ ਦੀ ਵਰਤੋਂ ਨਾ ਕਰੋ।

**4) ਬਿਜਾਈ ਅਤੇ ਸਿੰਚਾਈ ਦਾ ਧਿਆਨ ਰੱਖੋ :** ਫ਼ਸਲ ਨੂੰ ਵਧੇਰੇ ਸੰਘਣਾ ਨਾ ਬੀਜੋ ਅਤੇ ਬੇਲੋੜੀ ਸਿੰਚਾਈ ਤੋਂ ਬਚੋ, ਜੋ ਕਿ ਨਮੀਂ ਵਧਾਉਂਦੀ ਹੈ। ਖੇਤ ਵਿੱਚੋਂ ਪਾਣੀ ਦਾ ਨਿਕਾਸ ਅਤੇ ਬੂਟਿਆਂ ਵਿੱਚ ਹਵਾ ਦਾ ਪ੍ਰਸਾਰ ਬਿਮਾਰੀ ਨੂੰ ਘਟਾਉਂਦਾ ਹੈ। ਖੇਤ ਵਿੱਚ ਗਿੱਲ ਰੱਖਣ ਅਤੇ ਸੁਕਾਉਣ ਦੇ ਬਦਲਵੇਂ ਚੱਕਰ ਨੂੰ ਅਪਣਾ ਕੇ ਵੀ ਨਮੀਂ ਨੂੰ ਘਟਾਇਆ ਜਾ ਸਕਦਾ ਹੈ।

**5) ਮੌਸਮ-ਆਧਾਰਿਤ ਰੋਗ ਪ੍ਰਬੰਧਨ ਅਨੁਸਾਰ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਸਲਾਹਾਂ ਨੂੰ ਅਪਣਾਓ :** ਸਿੱਟੇ ਦੇ ਗੋਭ ਵਿੱਚ ਹੋਣ ਤੋਂ ਫੁੱਲ ਨਿਕਲਣ ਵੇਲੇ ਲਗਾਤਾਰ ਬੱਦਲਵਾਈ ਅਤੇ ਮੀਂਹ ਵਾਲਾ ਮੌਸਮ ਬਣੇ ਰਹਿਣ ਸਮੇਂ, ਪੀ.ਏ.ਯੂ. ਤੋਂ ਜਾਰੀ ਕੀਤੀਆਂ ਸਿਫ਼ਾਰਿਸ਼ਾਂ ਨੂੰ ਅਪਣਾਉਣਾ ਚਾਹੀਦਾ ਹੈ। ਮੌਸਮ-ਆਧਾਰਿਤ ਜਾਰੀ ਕੀਤੀਆਂ ਸਲਾਹਾਂ ਬਿਮਾਰੀ ਦੀ ਲਾਗ ਤੋਂ ਪਹਿਲਾਂ, ਸਮੇਂ ਸਿਰ ਕੀਤੇ ਰੋਗ ਪ੍ਰਬੰਧਨ ਵਿੱਚ ਸਹਾਈ ਹੁੰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਸਿਫ਼ਾਰਿਸ਼ਾਂ, ਖੇਤਾਂ ਵਿੱਚ ਬਿਮਾਰੀ ਦਿਖਾਈ ਦੇਣ ਤੋਂ ਪਹਿਲਾਂ, ਯੂ-ਟਿਊਬ, ਰੇਡੀਓ, ਅਖਬਾਰਾਂ, ਸੋਸ਼ਲ ਮੀਡੀਆ ਅਤੇ ਹੋਰ ਪ੍ਰਸਾਰ ਪ੍ਰਕਾਸ਼ਨਾਵਾਂ ਦੁਆਰਾ ਕਿਸਾਨਾਂ ਤੱਕ ਸਮੇਂ ਸਿਰ ਪਹੁੰਚਾਉਂਦੀ ਰਹਿੰਦੀ ਹੈ।

**ਸ) ਬਿਮਾਰੀ ਦੇ ਪ੍ਰਬੰਧਨ ਵਿੱਚ ਹੋਣ ਵਾਲੀਆਂ ਆਮ ਗਲਤੀਆਂ :**

★ ਉੱਲੀਨਾਸ਼ਕਾਂ ਦਾ ਛਿੜਕਾਅ ਕਰਨ ਤੋਂ ਪਹਿਲਾਂ ਸਮੱਟ ਬਾਲਾਂ ਦਿਖਾਈ ਦੇਣ ਦੀ ਉਡੀਕ ਕਰਨਾ।

★ ਵਧੇਰੇ ਨਾਈਟ੍ਰੋਜਨ ਖਾਦ ਦੀ ਵਰਤੋਂ ਕਰਨਾ।

★ ਹਰੇਕ ਸਮੱਟ ਬਾਲ ਨੂੰ ਲਾਗ ਦਾ ਕਾਰਨ ਮੰਨਣਾ ਅਤੇ ਇਸ ਦੁਆਰਾ ਝਾੜ ਵਿੱਚ ਵਧੇਰੇ ਨੁਕਸਾਨ ਮੰਨ ਲੈਣਾ।

★ ਖੇਤ ਵਿੱਚ ਬਿਮਾਰੀ ਦੇ ਲੱਛਣ ਪਰਤੱਖ ਦਿੱਖਣ ਤੋਂ ਬਾਅਦ ਉੱਲੀਨਾਸ਼ਕਾਂ ਦੇ ਬੇਲੋੜੇ ਛਿੜਕਾਅ ਕਰਨਾ।

★ ਸਿੱਟਿਆਂ ਦੇ ਗੋਭ ਵਿਚਲੇ ਪੜਾਅ ਤੋਂ ਫੁੱਲਾਂ ਦੇ ਨਿਸਾਰੇ ਵਾਲੇ ਪੜਾਅ ਤੱਕ ਮੌਸਮ-ਅਧਾਰਿਤ ਬਿਮਾਰੀ ਪ੍ਰਬੰਧਨ ਲਈ ਜਾਰੀ ਕੀਤੀਆਂ ਸਿਫ਼ਾਰਿਸ਼ਾਂ ਵੱਲ ਧਿਆਨ ਨਾ ਦੇਣਾ।

**ਹ) ਕਿਸਾਨਾਂ ਲਈ ਮੁੱਖ ਸੰਦੇਸ਼ :**

★ ਝੂਠੀ ਕਾਂਗਿਆਰੀ ਦੀ ਲਾਗ, ਖੇਤ ਵਿੱਚ ਇਸ ਦੇ ਲੱਛਣ ਪ੍ਰਤੱਖ ਦਿਖਾਈ ਦੇਣ ਤੋਂ ਪਹਿਲਾਂ ਹੀ ਲੱਗ ਜਾਂਦੀ ਹੈ।

★ ਬਿਮਾਰੀ ਦੇ ਲੱਛਣ ਦਿਖਾਈ ਦੇਣ ਤੋਂ ਕੇਵਲ ਪਹਿਲਾਂ ਕੀਤੇ ਉੱਲੀਨਾਸ਼ਕਾਂ ਦੇ ਛਿੜਕਾਅ ਹੀ ਅਸਰਦਾਰ ਹੁੰਦੇ ਹਨ।

★ ਉੱਲੀਨਾਸ਼ਕਾਂ ਦੀ ਵਰਤੋਂ ਕਰਨ ਦੇ ਨਾਲ-ਨਾਲ ਕੇਵਲ ਸੰਤੁਲਿਤ ਖਾਦਾਂ ਦਾ ਹੀ ਪ੍ਰਯੋਗ ਲਾਹੇਵੰਦ ਹੈ।

★ ਬਿਮਾਰੀ ਦੇ ਯੋਗ ਪ੍ਰਬੰਧਨ ਲਈ ਮੌਸਮ ਨੂੰ ਧਿਆਨ ਵਿਚ ਰੱਖਦੇ ਹੋਏ ਫ਼ਸਲ ਦੀ ਲਗਾਤਾਰ ਨਿਗਰਾਨੀ ਕਰਦੇ ਰਹਿਣਾ ਚਾਹੀਦਾ ਹੈ।

★ ਬਿਮਾਰੀ ਦੀ ਸਰਬਪੱਖੀ ਰੋਕਥਾਮ ਹੀ ਵਧੇਰੇ ਟਿਕਾਊ ਪ੍ਰਬੰਧਨ ਤਰੀਕਾ ਹੈ।

**ਮਨਦੀਪ ਸਿੰਘ ਹੁੰਜਨ ਅਤੇ ਅਮਰਜੀਤ ਸਿੰਘ, ਪੌਦਾ ਰੋਗ ਵਿਗਿਆਨ, ਪੀ. ਏ. ਯੂ., ਲੁਧਿਆਣਾ**
(ਮੋ. 97799-07040)

BEW
ਕੇ ਐਸ ਗਰੁੱਪ
ਮਲੇਰਕੋਟਲਾ
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਪਾਉਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੈਂਟ ਡਿਜ਼ਾਇਨ
• ਬੁਕਿੰਗ ਸ਼ੁਰੂ
TOLL FREE NUMBER 1800-120-004455
• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co